( ੳ )

# ਸਲਾਨਾ ਪ੍ਰਸ਼ਾਸਕੀ ਰਿਪੋਰਟ

## 2013-14

ਆਰਥਿਕ ਸਲਾਹਕਾਰ, ਪੰਜਾਬ ਸਰਕਾਰ,
ਐਸ.ਸੀ.ਓ. ਨੰ: 35-36 ਸੈਕਟਰ-17 ਈ, ਚੰਡੀਗੜ੍ਹ ।

# ਸਲਾਨਾ ਪ੍ਰਸ਼ਾਸਕੀ ਰਿਪੋਰਟ 2013-14

## ਅਰਥ ਅਤੇ ਅੰਕੜਾ ਸੰਗਠਨ, ਪੰਜਾਬ

ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਡੈਟਾ ਬੈਂਕ ਵਜੋ ਕੰਮ ਕਰਦਾ ਹੈ ਅਤੇ ਰਾਜ ਅਤੇ ਕੇਂਦਰੀ ਸਰਕਾਰ, ਨੀਤੀਕਾਰਾਂ, ਖੋਜ ਸੰਸਥਾਵਾਂ ਅਤੇ ਖੋਜ ਤੇ ਵਿਕਾਸ ਵਿੱਚ ਲੱਗੇ ਮਾਹਿਰਾਂ ਤੇ ਵਿਦਵਾਨਾ ਦੀ ਅੰਕੜਾਤਮਿਕ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ। ਇਹ ਸੰਗਠਨ ਰਾਜ, ਜ਼ਿਲ੍ਹਾ, ਬਲਾਕ ਅਤੇ ਪਿੰਡ ਪੱਧਰ ਤੱਕ ਪ੍ਰਾਇਮਰੀ ਅਤੇ ਸੈਕੰਡਰੀ ਡੈਟਾ ਇਕੱਤਰ ਕਰਦਾ ਹੈ । ਇਸ ਤਰ੍ਹਾਂ ਇਕੱਠੇ ਕੀਤੇ ਡੈਟੇ ਨੂੰ ਸੰਗ੍ਰਹਿ, ਸੰਕਲਨ, ਅਤੇ ਵਿਸ਼ਲੇਸ਼ਨ ਕਰਨ ਤੋ ਬਾਅਦ ਵੱਖ ਵੱਖ ਪ੍ਰਕਾਸ਼ਨਾਂ ਦੇ ਰੂਪ ਵਿੱਚ ਛਪਵਾਇਆ ਜਾਂਦਾ ਹੈ। ਇਹ ਸੰਗਠਨ ਰਾਜ ਵਿੱਚ ਅੰਕੜਾਤਮਕ ਗਤੀਵਿਧੀਆਂ ਲਈ ਨੋਡਲ ਏਜੰਸੀ ਦਾ ਕੰਮ ਕਰਦਾ ਹੈ। ਇਸ ਲਈ ਇਹ ਅੰਕੜਾਤਮਿਕ ਗਤੀਵਿਧੀਆਂ ਦਾ ਤਾਲਮੇਲ ਰੱਖਦਾ ਹੈ ਅਤੇ ਕੇਂਦਰੀ ਅੰਕੜਾ ਸੰਗਠਨ, ਭਾਰਤ ਸਰਕਾਰ ਨਾਲ ਯੋਗ ਸੰਪਰਕ ਰੱਖਦਾ ਹੈ।

'ਰਾਜ ਅੰਕੜਾ ਸਾਰ' ਅਤੇ 'ਆਰਥਿਕ ਸਰਵੇਖਣ ਪੰਜਾਬ' ਇਸ ਸੰਗਠਨ ਦੇ ਦੋ ਮਹੱਤਵਪੂਰਨ ਪ੍ਰਕਾਸ਼ਨ ਹਨ, ਜਿਨ੍ਹਾਂ ਵਿੱਚ ਰਾਜ ਦੇ ਵੱਖ ਵੱਖ ਸਮਾਜਿਕ ਆਰਥਿਕ ਵਿਸ਼ਿਆਂ ਤੇ ਬਹੁਪੱਖੀ ਸੂਚਨਾਂ ਸ਼ਾਮਿਲ ਕੀਤੀ ਜਾਂਦੀ ਹੈ । ਇਹ ਦੋਵੇਂ ਪ੍ਰਕਾਸ਼ਨ ਬੱਜਟ ਦਸਤਾਵੇਜ਼ ਹਨ ਜੋ ਕਿ ਸਲਾਨਾ ਤਿਆਰ ਕੀਤੇ ਜਾਂਦੇ ਹਨ।

ਆਰਥਿਕ ਸਲਾਹਕਾਰ, ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਦੇ ਮੁਖੀ ਹਨ। ਜਿਨ੍ਹਾਂ ਦੀ ਸਹਾਇਤਾ ਡਾਇਰੈਕਟਰਾਂ, ਮੀਤ ਡਾਇਰੈਕਟਰਾਂ, ਉਪ ਅਰਥ ਅਤੇ ਅੰਕੜਾ ਸਲਾਹਕਾਰਾਂ, ਖੋਜ ਅਫਸਰਾਂ, ਸਹਾਇਕ ਖੋਜ ਅਫਸਰਾਂ ਵਲੋਂ ਕੀਤੀ ਜਾਂਦੀ ਹੈ।

ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਦੇ ਰਾਜ ਪੱਧਰ ਤੇ 14 ਰੈਗੂਲਰ ਸੈਕਸ਼ਨ ਹਨ, ਇਸ ਤੋਂ ਇਲਾਵਾ 4 ਹੋਰ ਸੈਕਸ਼ਨ, ਮੈਂਬਰ ਆਫ ਪਾਰਲੀਮੈਂਟ ਲੋਕਲ ਏਰੀਆ ਡਿਵੈਲਪਮੈਂਟ ਸਕੀਮ, 20 ਨੁਕਾਤੀ ਪ੍ਰੋਗਰਾਮ, ਆਰਥਿਕ ਗਣਨਾਂ ਅਤੇ ਆਈ.ਐਸ.ਐਸ.ਪੀ.ਮੁੱਖ ਦਫਤਰ ਵਿਖੇ ਕੰਮ ਕਰਦੇ ਹਨ। ਇਕ ਸੈਕਸ਼ਨ ਅਮਲਾ ਸ਼ਾਖਾ ਅਤੇ ਬਾਕੀ ਸੈਕਸ਼ਨ ਅੰਕੜਿਆਂ ਅਤੇ ਖੋਜ ਅਧਾਰਿਤ ਟੈਕਨੀਕਲ ਕੰਮ ਕਰਦੇ ਹਨ। ਅਮਲਾ ਸ਼ਾਖਾ ਸੁਪਰਡੰਟਾਂ, ਸੀਨੀਅਰ ਸਹਾਇਕਾਂ, ਕਲਰਕਾਂ ਅਤੇ ਟਾਈਪਿਸਟਾਂ ਰਾਹੀਂ ਮਨੁੱਖੀ ਸਰੋਤ ਦਾ ਪ੍ਰਬੰਧਕੀ ਕੰਮ ਕਰਦੀ ਹੈ। ਡਾਇਰੈਕਟਰ, ਮੀਤ ਡਾਇਰੈਕਟਰ ਅਤੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਵੱਖ ਵੱਖ ਆਰਥਿਕ ਅਤੇ ਅੰਕੜਾਤਮਿਕ ਵਿਸ਼ਿਆਂ ਤੇ ਖੋਜ ਲਈ ਦਿਨ ਪ੍ਰਤੀਦਿਨ ਜ਼ਰੂਰੀ ਅਗਵਾਈ ਦਿੰਦੇ ਹਨ। ਖੋਜ ਅਫਸਰ ਅਤੇ ਸਹਾਇਕ ਖੋਜ ਅਫਸਰ ਮੁੱਖ ਤੌਰ ਤੇ ਡੈਟੇ ਦੇ ਵਿਸ਼ਲੇਸ਼ਣ ਅਤੇ ਸੰਕਲਨ ਲਈ ਜ਼ਿੰਮੇਵਾਰ ਹਨ ਜਦੋ ਕਿ ਡੈਟਾ ਇਕੱਤਰ, ਸੰਗ੍ਰਹਿ ਕਰਨ ਦਾ ਕੰਮ ਅੰਕੜਾ ਸਹਾਇਕਾਂ ਅਤੇ ਇਨਵੈਸਟੀਗੇਟਰਾਂ ਰਾਹੀਂ ਕੀਤਾ ਜਾਂਦਾ ਹੈ।

ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਅੰਕੜਾ ਦਫ਼ਤਰ ਹੈ ਜਿਸ ਦੇ ਮੁਖੀ ਉਪ ਅਰਥ ਅਤੇ ਅੰਕੜਾ ਸਲਾਹਕਾਰ ਹਨ ਜੋ ਕਿ ਅੰਕੜੇ ਇਕੱਤਰ ਕਰਨ ਅਤੇ ਵਿਕਾਸ ਸਕੀਮਾ ਲਾਗੂ ਕਰਨ ਲਈ ਦੋਹਰਾ ਕੰਮ ਕਰਦੇ ਹਨ। ਵਿਕੇਂਦ੍ਰੀਕ੍ਰਿਤ ਯੋਜਨਾਬੰਦੀ ਦੇ ਆਰੰਭ ਹੋਣ ਕਾਰਨ ਉਪ ਅਰਥ ਅਤੇ ਅੰਕੜਾ ਸਲਾਹਕਾਰ ਜ਼ਿਲ੍ਹਾ ਯੋਜਨਾ ਬਣਾਉਣ ਅਤੇ ਮੁਲਅੰਕਣ ਕਰਨ ਵਿੱਚ ਪੂਰੀ ਤਰ੍ਹਾਂ ਸਾਮਲ ਹਨ। ਉਚ ਪੱਧਰੀ ਐਮ.ਪੀ.ਲੈਡ ਸਕੀਮ ਜਿਸ ਅਧੀਨ ਰਾਜ ਦੇ ਹਰ ਇੱਕ ਐਮ.ਪੀ.ਨੂੰ ਪੰਜ ਕਰੋੜ ਰੁਪੈ ਜਾਰੀ ਕੀਤੇ ਜਾਂਦੇ ਹਨ, ਦੇ ਫੰਡ ਨੂੰ ਮਨਜ਼ੂਰ ਕਰਨਾ ਅਤੇ ਰੀਲੀਜ਼ ਕਰਨ ਦਾ ਕੰਮ ਵੀ ਜ਼ਿਲ੍ਹਾ ਅੰਕੜਾ ਦਫਤਰ ਕਰਦੇ ਹਨ। 20 ਨੁਕਾਤੀ ਪ੍ਰੋਗਰਾਮ ਦਾ ਰੀਵਿਊ ਵੀ ਇਸ ਵਿਭਾਗ ਵਲੋ ਕੀਤਾ ਜਾਂਦਾ ਹੈ। ਅਜਿਹੀਆ ਸਕੀਮਾ ਤੇ ਕੰਮ ਮੌਜੂਦਾ ਮੰਜੂਰ ਵਿਭਾਗੀ ਸਟਾਫ ਵਲੋ ਹੀ ਲਾਗੂ ਕੀਤਾ ਜਾਂਦਾ ਹੈ ਅਤੇ ਇਸ ਲਈ ਕੋਈ ਵਾਧੂ ਸਟਾਫ ਉਪਲਬਧ ਨਹੀ ਹੈ। ਕੇਂਦਰ ਸਰਕਾਰ ਵਲੋ ਸਪੌਂਸਰ ਕੀਤੇ ਇੰਡੀਆ ਸਟੇਟਿਸਟੀਕਲ ਸਟਰੈਥਨਿੰਗ ਪ੍ਰੋਜੈਕਟ ਨੂੰ ਲਾਗੂ ਕਰਨ ਨਾਲ ਅੰਕੜਾਤਮਕ ਗਤੀਵਿਧੀਆ ਦੀ ਮਹੱਤਤਾ ਨੂੰ ਹੋਰ ਉੱਚਾ ਚੁੱਕਿਆ ਗਿਆ ਹੈ। ਇਸ ਸਕੀਮ ਅਧੀਨ ਸਟੇਟ ਸਟਰੈਟਜਿਕ ਸਟੈਟਿਸਟੀਕਲ ਪਲਾਨ ਤਿਆਰ ਕੀਤੀ ਗਈ ਜੋ ਪ੍ਰਵਾਨਗੀ ਦੀ ਪ੍ਰਕ੍ਰਿਆ ਅਧੀਨ ਹੈ। 13ਵੇ ਵਿੱਤ ਕਮਿਸ਼ਨ ਵਲੋ ਪੰਜਾਬ ਨੂੰ 20 ਕਰੋੜ ਰੁਪਏ (1 ਕਰੋੜ ਰੁਪਏ ਹਰ ਜਿਲ੍ਹੇ ਨੂੰ) ਮਿਲਣ ਨਾਲ ਇਹ ਗਤੀਵਿਧੀਆ ਕਈ ਗੁਣਾ ਵੱਧ ਜਾਣਗੀਆ। ਰਿਪੋਟ ਦੇ ਅੰਤ ਤੇ ਸਾਲ ਦੌਰਾਨ ਤਿਆਰ ਕੀਤੀਆਂ ਰਿਪੋਰਟਾਂ ਅਤੇ ਵਿਭਾਗ ਦੀ ਆਸਾਮੀਵਾਰ ਸਟਾਫ ਸਮਰੱਥਤਾ ਦੇ ਵੇਰਵੇ ਦਿੱਤੇ ਗਏ ਹਨ ।

**ਵਿਭਾਗ ਦੇ ਸਾਰੇ ਸੈਕਸ਼ਨਾਂ/ਯੂਨਿਟਾਂ ਦੀਆਂ ਗਤੀਵਿਧੀਆਂ ਅਤੇ ਸਾਲ 2013-14 ਦੌਰਾਨ ਮੁਕੰਮਲ ਕੀਤੇ ਕੰਮਾਂ ਦਾ ਵੇਰਵਾ ਹੇਠ ਅਨੁਸਾਰ ਹੈ:-**

### 1. ਰਾਜ ਆਮਦਨ

ਇਹ ਸੈਕਸ਼ਨ ਰਾਜ ਘਰੇਲੂ ਉਤਪਾਦਨ ਦੇ ਅਨੁਮਾਨ ਪ੍ਰਚਲਿਤ ਅਤੇ ਸਥਿਰ (2004–05) ਕੀਮਤਾਂ ਤੇ ਰਾਜ ਦੀ ਆਰਥਿਕਤਾ ਦੇ ਸਾਰੇ 15 ਸੈਕਟਰਾਂ ਲਈ ਇਕ ਵਿੱਤੀ ਸਾਲ ਲਈ ਦੋ ਸਾਲਾਂ ਦੇ ਵਕਫੇ ਨਾਲ ਜੀਅ ਪ੍ਰਤੀ ਆਮਦਨ ਦੇ ਅਨੁਮਾਨਾਂ ਸਹਿਤ ਲਗਾਤਾਰ ਤਿਆਰ ਕਰਦਾ ਹੈ। ਜ਼ਿਲ੍ਹਾਵਾਰ ਰਾਜ ਘਰੇਲੂ ਉਤਪਾਦਨ ਦੀਆਂ ਪ੍ਰਚੱਲਿਤ

ਕੀਮਤਾਂ ਅਤੇ ਸਥਿਰ ਕੀਮਤਾਂ ਦੇ ਅਨੁਮਾਨ ਹਰ ਸਾਲ ਤਿਆਰ ਕੀਤੇ ਜਾਂਦੇ ਹਨ। ਰਾਜ ਘਰੇਲੂ ਉਤਪਾਦਨ ਦੇ ਖੇਤੀਬਾੜੀ, ਪਸ਼ੂਧੰਨ, ਜੰਗਲਾਤ ਅਤੇ ਮੱਛੀ ਪਾਲਣ ਖੇਤਰ ਲਈ ਉਤਪਾਦਨ ਟੀਚਿਆਂ ਤੇ ਬਾਕੀ ਦੇ ਸਾਰੇ ਸੈਕਟਰਾਂ ਲਈ ਪਿਛਲੀ ਪ੍ਰਵਿਰਤੀ ਦੇ ਆਧਾਰ ਤੇ ਤੁਰੰਤ ਅਨੁਮਾਨ ਇਕ ਸਾਲ ਦੇ ਵਕਫੇ ਨਾਲ ਤਿਆਰ ਕੀਤੇ ਜਾਂਦੇ ਹਨ। ਸੈਕਟਰਵਾਰ ਰਾਜ ਘਰੇਲੂ ਉਤਪਾਦਨ ਦੇ ਵੱਖ ਵੱਖ ਸਮੇਂ ਦੇ ਵਿਕਾਸ ਦਰ ਰਾਜ ਦੀ ਆਰਥਿਕਤਾ ਦੇ ਅਧਿਐਨ ਕਰਨ ਲਈ ਤਿਆਰ ਕੀਤੇ ਜਾਂਦੇ ਹਨ। ਇਸ ਦੇ ਨਾਲ-ਨਾਲ ਆਰਥਿਕ ਹਾਲਤ ਸਬੰਧੀ ਦੂਸਰੇ ਰਾਜਾਂ ਨਾਲ ਤੁਲਨਾਤਮਿਕ ਅਧਿਐਨ ਤੇ ਰਿਪੋਰਟ ਸਰਕਾਰ ਦੀ ਵਰਤੋਂ ਲਈ ਤਿਆਰ ਕੀਤੀ ਜਾਂਦੀ ਹੈ । ਇਸ ਤੋਂ ਇਲਾਵਾ 13ਵੇ ਵਿੱਤ ਕਮਿਸ਼ਨ ਅਧੀਨ ਮਾਈਲਸਟੋਨ ਕੁਲੈਕਸ਼ਨ ਆਫ ਫਾਰਮ ਐਕਟੀਵਿਟੀਜ ਡੈਟਾ ਤੇ ਵੀ ਕੰਮ ਕੀਤਾ ਜਾ ਰਿਹਾ ਹੈ ।

**ਸਾਲ 2013–14 ਦੌਰਾਨ ਕੀਤਾ ਕੰਮ :-**

1. ਆਰਥਿਕਤਾ ਦੇ ਸਾਰੇ 15 ਸੈਕਟਰਾਂ ਦੇ ਰਾਜ ਆਮਦਨ ਅਨੁਮਾਨ ਨਵੇਂ ਆਧਾਰ ਸਾਲ 2004-05 ਤੇ 2011–12 ਦੇ ਤਿਆਰ ਕੀਤੇ ਗਏ। ਸਾਲ 2012–13 ਅਤੇ 2013–14 ਲਈ ਕੁੱਲ ਅਤੇ ਨਿਰੋਲ ਰਾਜ ਘਰੇਲੂ ਉਤਪਾਦਨ ਦੇ ਤੁਰੰਤ ਅਤੇ ਐਡਵਾਂਸ ਅਨੁਮਾਨ ਤਿਆਰ ਕੀਤੇ ਗਏ।
2. ਜ਼ਿਲ੍ਹਾਵਾਰ ਰਾਜ ਆਮਦਨ ਅਨੁਮਾਨ ਕੁੱਲ ਅਤੇ ਨਿਰੋਲ ਸਾਲ 2010–11 ਪ੍ਰਚੱਲਿਤ ਅਤੇ ਸਥਿਰ (2004-05) ਕੀਮਤਾਂ ਤੇ ਤਿਆਰ ਕੀਤੇ ਗਏ।
3. ਸਾਲ 1970-71 ਤੋਂ 2003-2004 ਤੱਕ ਕੁੱਲ ਰਾਜ ਘਰੇਲੂ ਉਤਪਾਦਨ ਅਤੇ ਨਿਰੋਲ ਰਾਜ ਘਰੇਲੂ ਉਤਪਾਦਨ ਦੀ ਸਥਿਰ ਕੀਮਤਾਂ ਤੇ ਬੈਕ ਸੀਰੀਜ ਤਿਆਰ ਕੀਤੀ ਗਈ ।
4. i) 13ਵੇ ਵਿੱਤ ਕਮਿਸ਼ਨ ਦੀ ਗਰਾਂਟ ਅਧੀਨ ਨਿਰਧਾਰਤ ਮਾਇਲਸਟੋਨ ਦੇ ਮੁੱਖ ਫਸਲਾਂ ਦੀ ਰਕਬਾ,ਉਤਪਾਦਨ ਅਤੇ ਕੀਮਤਾਂ ਦੀ ਰਿਪੋਰਟ ਤਿਆਰ ਕੀਤੀ ਗਈ ।
   ii) ਮੁੱਖ ਫਸਲਾਂ ਦੀ ਕਾਸਟ ਕਲਟੀਵੇਸਨ ਸਟੱਡੀ ਕਰਵਾਉਣ ਲਈ ਕੰਮ ਸੁਰੂ ਕੀਤਾ ਗਿਆ ।
5. ਪੰਜਾਬ ਵਿਧਾਨ ਸਭਾ ਦੇ ਬੱਜਟ ਸੈਸ਼ਨ ਲਈ ਵਿੱਤ ਮੰਤਰੀ ਅਤੇ ਰਾਜਪਾਲ ਜੀ ਦੇ ਬੱਜਟ ਭਾਸ਼ਨ ਸਬੰਧੀ ਆਰਥਿਕਤਾ ਦੀ ਸਥਿਤੀ ਅਤੇ ਵਾਧੇ ਦੀ ਦਰ ਬਾਰੇ ਸੂਚਨਾਂ ਤਿਆਰ ਕੀਤੀ ਗਈ।
6. ਸਾਲ 2011–12 ਸਬੰਧੀ ਪਸ਼ੂਧੰਨ ਸਬੰਧੀ ਸੂਚਨਾਂ, ਮੱਛੀ ਪਾਲਣ ਅਤੇ ਜੰਗਲਾਤ ਖੇਤਰ ਦੇ ਉਤਪਾਦਨ ਅਤੇ ਕੀਮਤਾਂ, ਖੇਤੀਬਾੜੀ ਅਤੇ ਬਾਗਬਾਨੀ ਖੇਤਰ ਸਬੰਧੀ ਉਤਪਾਦਨ, ਕੀਮਤਾਂ ਅਤੇ ਰਕਬਾ ਸਬੰਧੀ ਸੂਚਨਾਂ, ਪੰਜਾਬ ਵਿਚ ਟਰੈਕਟਰਾਂ ਅਤੇ ਡੀਜ਼ਲ ਇੰਜਣਾਂ ਦੀ ਗਿਣਤੀ ਸਬੰਧੀ ਸੂਚਨਾ ਕੇਂਦਰੀ ਅੰਕੜਾ ਸੰਗਠਨ, ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜੀ ਗਈ।
7. ਸੈਕਟਰਵਾਰ ਰਾਜ ਆਮਦਨ ਅਨੁਮਾਨ, ਵਾਧਾ ਦਰ ਅਤੇ ਪ੍ਰਤੀ ਵਿਅਕਤੀ ਆਮਦਨ ਸਬੰਧੀ ਸੂਚਨਾਂ ਪੰਜਾਬ ਰਾਜ ਅੰਕੜਾ ਸਾਰ-2013, ਆਰਥਿਕ ਸਰਵੇਖਣ 2013–14 ਅਤੇ ਸਲਾਨਾ ਯੋਜਨਾ 2014–15 ਲਈ ਤਿਆਰ ਕੀਤੀ ।
8. ਹੇਠ ਲਿਖੇ ਅਨੁਸਾਰ ਤਿੰਨ ਵਰਕਸ਼ਾਪਾਂ ਵਿਚ ਭਾਗ ਲਿਆ ਗਿਆ:–
   i) ਇੰਟਰ ਨੈਸਨਲ ਵਰਕਸਾਪ ਆਨ ਗਰੀਨ ਨੈਸਨਲ ਐਕਾਊਟਿੰਗ ਫਾਰ ਇੰਡੀਆ ਦਿੱਲੀ ਵਿਖੇ ਮਿਤੀ 5–4–2013 ਤੋਂ 6–4–2013 ਤੱਕ
   ii) ਕੇਦਰੀ ਅੰਕੜਾ ਸੰਗਠਨ, ਨਵੀਂ ਦਿੱਲੀ ਵਿਖੇ ਰਾਜ ਆਮਦਨ ਅਨੁਮਾਨਾਂ ਦਾ ਤੁਲਨਾਤਮਕ ਮਿਲਾਨ ਮਿਤੀ 22–4-2013 ਤੋ 26–4–2013 ਤੱਕ ਕੀਤਾ ਗਿਆ ।
   iii ) ਸੀ.ਐਸ.ਓ. ਭਾਰਤ ਸਰਕਾਰ ਨਵੀ ਦਿੱਲੀ ਵਲੋ ਰਾਜ ਆਮਦਨ ਅਨੁਮਾਨਾਂ ਸਬੰਧੀ ਵਰਕਸਾਪ ਧਰਮਸਾਲਾ ਵਿਖੇ ਮਿਤੀ 2–12–2013 ਤੋ 6–12–2013 ਤੱਕ ।
9. ਵਿੱਤ ਵਿਭਾਗ, ਪੰਜਾਬ ਨੂੰ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਰਾਜ ਆਮਦਨ ਅਨੁਮਾਨ ਦਾ ਡੈਟਾ ਭੇਜਿਆ ਗਿਆ।

## 2. ਪੂੰਜੀ ਨਿਰਮਾਣ

ਇਹ ਸ਼ਾਖਾ ਪੰਜਾਬ ਦੀ ਆਰਥਿਕਤਾ ਦੇ ਸਾਰੇ 13 ਸੈਕਟਰਾਂ ਲਈ ਚਾਲੂ ਅਤੇ ਸਥਿਰ 2004–05 ਕੀਮਤਾਂ ਤੇ ਪੂੰਜੀ ਨਿਰਮਾਣ ਦੇ ਅਨੁਮਾਨ ਸਰਕਾਰੀ ਅਤੇ ਪ੍ਰਾਈਵੇਟ ਖੇਤਰਾਂ ਲਈ ਤਿਆਰ ਕਰਦਾ ਹੈ। ਇਹ ਅਨੁਮਾਨ ਰਾਜ ਪੱਧਰ ਤੇ ਸੈਕਟਰਵਾਰ, ਖੇਤਰਵਾਰ ਅਤੇ ਸੰਸਥਾਵਾਰ ਕੰਪਾਇਲ ਕੀਤੇ ਜਾਂਦੇ ਹਨ।

**ਸਾਲ 2013–14 ਦੌਰਾਨ ਕੀਤਾ ਕੰਮ :-**

1. ਚਾਲੂ ਅਤੇ ਸਥਿਰ ਕੀਮਤਾਂ ਤੇ ਨਵੇ ਅਧਾਰ ਸਾਲ 2004–05 ਅਨੁਸਾਰ 2004–05 ਤੋਂ 2011–12 ਤੱਕ ਪੂੰਜੀ ਨਿਰਮਾਣ ਅਨੁਮਾਨ ਤਿਆਰ ਕੀਤੇ ਗਏ।
2. ਰਾਜ ਅੰਕੜਾ ਸਾਰ 2013 ਲਈ ਪੂੰਜੀ ਨਿਰਮਾਣ ਅਨੁਮਾਨਾਂ ਸਬੰਧੀ 4 ਸਾਰਣੀਆਂ ਤਿਆਰ ਕੀਤੀਆਂ ਗਈਆਂ ।
3. ਸਾਲ 2010-11 ਦੇ ਕ੍ਰਿਟੀਕਲ ਇੰਡੀਕੇਟਰ ਦੀ ਸੂਚਨਾਂ ਤਿਆਰ ਕਰਕੇ ਫੀਲਡ ਉਪਰੇਸ਼ਨ ਸ਼ਾਖਾ ਨੂੰ ਭੇਜੀ ਗਈ।

## 3. ਲੋਕ ਵਿੱਤ

ਇਹ ਸੈਕਸ਼ਨ ਰਾਜ ਸਰਕਾਰ ਦੇ ਬੱਜਟ ਅਤੇ ਮਿਉਂਸਪਲ ਨਿਗਮਾਂ/ਕੌਂਸਲਾਂ ਅਤੇ ਨਗਰ ਪੰਚਾਇਤਾਂ ਦੇ ਬੱਜਟਾਂ ਦਾ ਆਰਥਿਕ ਵਿਸ਼ਲੇਸ਼ਨ ਕਰਦਾ ਹੈ। ਲੋਕ ਵਿੱਤ ਸਬੰਧੀ ਆਰਥਿਕ ਡੈਟਾ ਇਸ ਸੈਕਸ਼ਨ ਵਲੋਂ ਤਿਆਰ ਕੀਤਾ ਜਾਂਦਾ ਹੈ ਅਤੇ ਵੱਖ ਵੱਖ ਮੰਤਵਾਂ ਲਈ ਸਪਲਾਈ ਕੀਤਾ ਜਾਂਦਾ ਹੈ।

**ਸਾਲ 2013–14 ਦੌਰਾਨ ਕੀਤਾ ਕੰਮ :-**

1. ਪ੍ਰਕਾਸ਼ਨ ਨਗਰ ਨਿਗਮਾਂ/ਕਮੇਟੀਆਂ ਦੇ ਬੱਜਟ ਦੀ ਆਰਥਿਕ ਅਤੇ ਕ੍ਰਿਆਤਮਿਕ ਸ੍ਰੇਣੀ ਵੰਡ ਜੋ ਕਿ ਨਗਰ ਨਿਗਮਾਂ ਦੇ ਬੱਜਟ ਸਬੰਧੀ ਲੈਣ ਦੇਣ ਦੇ ਪ੍ਰਭਾਵ ਦਾ ਅਧਿਐਨ ਕਰਨ ਵਾਸਤੇ ਲਾਭਦਾਇਕ ਹੈ, ਸਾਲ 2011-12 ਦੀ ਤਿਆਰ ਕੀਤੀ ਗਈ ਅਤੇ ਪ੍ਰਵਾਨ ਕਰਵਾਈ ਗਈ ।
2. "ਰਾਜ ਵਿੱਤ : ਤੁਲਨਾਤਮਕ ਰੂਪ ਵਿੱਚ" ਦੇ ਅੰਕੜਿਆਂ ਸਬੰਧੀ ਪਬਲੀਕੇਸ਼ਨ ਜੋ ਭਾਰਤ ਦੇ ਸਾਰੇ ਰਾਜਾਂ ਦੀ ਆਮਦਨ ਅਤੇ ਖਰਚੇ ਦਾ ਅਧਿਐਨ ਕਰਦੀ ਹੈ, ਸਾਲ 2011–12 ਦੀ ਤਿਆਰ ਕੀਤੀ ਅਤੇ ਪ੍ਰਵਾਨ ਕਰਵਾਈ ਗਈ ।
3. ਪੰਜਾਬ ਸਰਕਾਰ ਦੇ ਬੱਜਟ ਦੀ ਆਰਥਿਕ ਅਤੇ ਪ੍ਰਯੋਜਣ ਸ੍ਰੇਣੀ ਵੰਡ ਸਾਲ 2012–13 ਤਿਆਰ ਕਰਕੇ ਪ੍ਰਵਾਨ ਕਰਵਾਈ ਗਈ ।
4. ਕ੍ਰਿਟੀਕਲ ਇਕਨਾਮਿਕ ਇੰਡੀਕੇਟਰਜ਼ ਪੰਜਾਬ-ਭਾਰਤ ਸਾਲ 2004–05 ਤੋਂ 2011–12 ਤਿਆਰ ਕੀਤੇ ਗਏ।

## 4. ਉਦਯੋਗਿਕ ਅੰਕੜੇ

ਉਦਯੋਗਿਕ ਅੰਕੜੇ ਇਕੱਤਰ ਅਤੇ ਸੰਗ੍ਰਹਿ ਕਰਨ ਲਈ ਅਰਥ ਅਤੇ ਅੰਕੜਾ ਸੰਗਠਨ ਪੰਜਾਬ ਵਲੋਂ ਸਾਲ 1967-68 ਦੌਰਾਨ ਉਦਯੋਗ ਸ਼ਾਖਾ ਦੀ ਸਥਾਪਨਾ ਕੀਤੀ ਗਈ। ਇਸ ਸਮੇ ਇਸ ਸ਼ਾਖਾ ਦਾ ਮੁੱਖ ਕੰਮ ਤਿਮਾਹੀਵਾਰ/ਸਾਲਾਨਾ ਚੁਣੀਆਂ ਗਈਆਂ ਮਹੱਤਵਪੂਰਨ ਮੱਦਾਂ ਲਈ ਉਦਯੋਗਿਕ ਸੂਚਕ ਅੰਕ (ਆਈ.ਆਈ.ਪੀ.) ਤਿਆਰ ਕਰਨਾ ਅਤੇ ਉਦਯੋਗਿਕ ਉਤਪਾਦਨ ਸੂਚਕ ਅੰਕ ਦਾ ਅਧਾਰ ਸਾਲ 1993-94= 100 ਤੋਂ ਬਦਲ ਕੇ 2004-05= 100 ਕਰਨਾ ਹੈ ।

**ਸਾਲ 2013–14 ਦੌਰਾਨ ਕੀਤਾ ਕੰਮ :-**

1. ਕੇਂਦਰੀ ਅੰਕੜਾ ਸੰਗਠਨ, ਕਲਕੱਤਾ (ਭਾਰਤ ਸਰਕਾਰ) ਤੋਂ ਪ੍ਰਾਪਤ ਏ.ਐਸ.ਆਈ. ਸਮੱਰੀ ਰਿਜਲਟ ਸਾਲ 2009–10 ਦੇ ਆਧਾਰ ਤੇ ਰਾਜ ਅੰਕੜਾ ਸਾਰ ਸਾਲ 2012–13 ਲਈ ਸਾਰਣੀਆਂ ਤਿਆਰ ਕਰਕੇ ਸਬੰਧਤ ਸਾਖਾ ਨੂੰ ਭੇਜੀਆਂ ਗਈਆਂ । ਏ.ਐਸ.ਆਈ. ਸਮਰੀ ਰਿਜਲਟ ਤੋਂ ਕ੍ਰਿਟੀਕਲ ਇੰਡੀਕੇਟਰ 2011–12 ਤਿਆਰ ਕਰਕੇ ਸਬੰਧਤ ਸਾਖਾ ਨੂੰ ਭੇਜੇ ਗਏ ।
2. ਚੈਪਟਰ ਉਦਯੋਗ ਪੰਜ ਸਾਰਣੀਆਂ ਸਮੇਤ ਆਰਥਿਕ ਸਰਵੇਖਣ ਸਾਲ 2012–13 ਲਈ ਤਿਆਰ ਕੀਤਾ ਗਿਆ ।
3. ਉਦਯੋਗਿਕ ਉਤਪਾਦਨ ਸੂਚਕ ਅੰਕ ਸਾਲ 2012–13 ਲਈ ਚੋਣਵੀਆਂ 115 ਆਈਟਮਾਂ ਦਾ ਰਾਜ ਪੱਧਰ ਤੇ ਤਿਆਰ ਕੀਤਾ ਗਿਆ। ਇਸ ਸੂਚਕ ਅੰਕ ਨਾਲ ਸਬੰਧਤ ਦੋ ਸਾਰਣੀਆਂ ਤਿਆਰ ਕਰਕੇ ਰਾਜ ਅੰਕੜਾ ਸਾਰ 2012 ਅਤੇ ਆਰਥਿਕ ਸਰਵੇਖਣ 2012–13 ਵਿੱਚ ਸਾਮਲ ਕਰਨ ਲਈ ਸਬੰਧਤ ਸਾਖਾ ਨੂੰ ਭੇਜੀਆਂ ਗਈਆਂ ।

## 5. ਸੰਗ੍ਰਹਿ

ਇਹ ਸੈਕਸ਼ਨ ਡੈਟਾ ਬੈਂਕ ਵਜੋਂ ਕੰਮ ਕਰਦਾ ਹੈ। ਰਾਜ ਵਿਚ ਵਿਕਾਸ ਸਬੰਧੀ ਸਕੀਮਾਂ ਨੂੰ ਲਾਗੂ ਕਰਨ ਦਾ ਕੰਮ ਕਰਨ ਹਿੱਤ ਮਹੱਤਵਪੂਰਨ ਫੈਸਲੇ ਲੈਣ ਲਈ ਬਹੁਪੱਖੀ ਡੈਟਾ ਪ੍ਰਸਾਸ਼ਕਾਂ, ਯੋਜਨਾਕਾਰਾਂ ਅਤੇ ਖੋਜਕਾਰਾਂ ਲਈ ਉਪਲਬੱਧ ਕੀਤਾ ਜਾਂਦਾ ਹੈ। ਇਸ ਸ਼ਾਖਾ ਵਲੋਂ ਰਾਜ ਅੰਕੜਾ ਸਾਰ, ਸਲਾਨਾ ਪ੍ਰਸ਼ਾਸ਼ਕੀ ਰਿਪੋਰਟ ਅਤੇ ਪੰਜਾਬ ਐਟ-ਏ-ਗਲਾਂਸ ਤਿਆਰ ਕੀਤਾ ਜਾਂਦਾ ਹੈ ਅਤੇ ਕੇਂਦਰੀ ਸਰਕਾਰ ਅਤੇ ਵੱਖ ਵੱਖ ਰਾਜ ਸਰਕਾਰਾਂ ਦਰਮਿਆਨ ਅੰਕੜਾਤਮਿਕ ਗਤੀਵਿਧੀਆਂ ਲਈ ਤਾਲਮੇਲ ਕੀਤਾ ਜਾਂਦਾ ਹੈ।

**ਸਾਲ 2013–14 ਦੌਰਾਨ ਕੀਤਾ ਕੰਮ :-**

1. ਪੰਜਾਬ ਐਟ ਏ ਗਲਾਂਸ ਜਿਲ੍ਹਾਵਾਰ ਸਾਲ 2012 ਤਿਆਰ ਕੀਤਾ ਗਿਆ ।
2. ਸਾਲ ਦੌਰਾਨ ਵਿਭਾਗ ਦੀਆਂ ਪ੍ਰਾਪਤੀਆਂ ਦੀ ਸੂਚਨਾਂ ਮਾਨਯੋਗ ਮੁੱਖ ਮੰਤਰੀ ਜੀ ਦੇ ਦਫਤਰ ਭੇਜੀ ਗਈ।
3. ਸਾਲ 2011–12 ਦੀ ਸਲਾਨਾ ਪ੍ਰਸ਼ਾਸ਼ਕੀ ਰਿਪੋਰਟ ਤਿਆਰ ਕੀਤੀ ਗਈ ਅਤੇ ਕੌਂਸਲ ਆਫ ਮਨਿਸਟਰਜ਼ (ਸੀ.ਐਮ.ਐਮ.) ਤੋਂ ਪ੍ਰਵਾਨ ਕਰਵਾਈ ਗਈ ਅਤੇ ਸਾਲ 2012–13 ਦੀ ਸਲਾਨਾ ਪ੍ਰਸ਼ਾਸ਼ਕੀ ਰਿਪੋਰਟ ਦਾ ਕੰਮ ਚੱਲ ਰਿਹਾ ਹੈ।
4. ਤਿਮਾਹੀਵਾਰ ਅੰਕੜਾ ਨਿਊਜ਼ ਲੈਟਰ 3/2013, 6/2013, 9/2013 ਅਤੇ 12/2013 ਨੂੰ ਖਤਮ ਹੋਈਆਂ ਤਿਮਾਹੀਆਂ ਬਾਬਤ ਅਤੇ ਨੈਸ਼ਨਲ ਐਡਵਾਈਜ਼ਰੀ ਬੋਰਡ ਆਫ ਸਟੈਟਿਸਟੀਕਸ 6/2013, 12/2013 ਦੀਆਂ ਛਿਮਾਹੀ ਰਿਪੋਰਟਾਂ ਬਾਬਤ ਸੂਚਨਾਂ ਕੇਂਦਰੀ ਅੰਕੜਾ ਸੰਗਠਨ, ਨਵੀਂ ਦਿੱਲੀ ਨੂੰ ਭੇਜੀ ਗਈ ।

5. ਕੇਂਦਰ ਅਤੇ ਰਾਜ ਅੰਕੜਾਤਮਕ ਬਿਊਰੋਜ ਦੀ 21ਵੀਂ ਕਾਨਫਰੰਸ ਆਰਥਿਕ ਸਲਾਹਕਾਰ ਦੁਆਰਾ ਮਿਤੀ 23 ਤੋਂ 24 ਜਨਵਰੀ, 2014 ਨੂੰ ਪਣਜੀ (ਗੋਆ) ਵਿਖੇ ਅਟੈਂਡ ਕੀਤੀ ਗਈ । 20ਵੀਂ ਕਾਨਫਰੰਸ ਦੀ ਐਕਸ਼ਨ ਟੇਕਨ ਰਿਪੋਰਟ ਵੀ ਕੇਂਦਰੀ ਅੰਕੜਾ ਸੰਗਠਨ ਨੂੰ ਭੇਜੀ ਗਈ ।

6. ਪਬਲੀਕੇਸਨ 'ਪੰਜਾਬ ਦੀ ਜਨਸੰਖਿਆ ਦੇ ਅੰਕੜੇ ' ਜਿਸ ਵਿੱਚ ਸੈਸਿਜ 1971 ਤੋਂ 2011 ਤੱਕ ਦਾ ਡੈਮੋਗਰਾਫਿਕ ਇੰਡੀਕੇਟਰਜ ਦਾ ਡਾਟਾ ਹੈ, ਤਿਆਰ ਕਰਨ ਦਾ ਕੰਮ ਸੁਰੂ ਕੀਤਾ ਗਿਆ ।

7. ਅਰਥ ਅਤੇ ਅੰਕੜਾ ਸੰਗਠਨ ਦੇ ਕੰਮ ਨੂੰ ਰੀਵਿਊ ਕਰਨ ਲਈ ਮਿਤੀ 31–5–2013, 8–8–2013, 21–10–2013, 26–11–2013, 10–12–2013 ਅਤੇ 5–2–2014 ਨੂੰ ਮੀਟਿੰਗਾਂ ਕਰਵਾਈਆਂ ਗਈਆਂ ।

8. ਡਾਟਾ ਨੂੰ ਨਕਸੇ ਵਿੱਚ ਦਰਸਾਉਣ ਲਈ ਅੰਕੜਾ ਐਟਲਸ ਪੰਜਾਬ 2012 ਤਿਆਰ ਕੀਤੀ ਗਈ । ਕਈ ਸਾਧਨਾਂ ਤੋਂ ਡਾਟਾ ਇੱਕਤਰ ਕਰਨ ਉਪਰੰਤ ਪੰਜਾਬ ਰਿਮੋਟ ਸੈਂਸਿੰਗ ਕੇਂਦਰ ਲੁਧਿਆਣਾ ਤੋਂ ਨਕਸੇ ਤਿਆਰ ਕਰਵਾਏ ਗਏ ।

9. ਮਿਤੀ 29 ਜੂਨ 2013 ਨੂੰ ਰਾਸਟਰੀ ਅੰਕੜਾ ਦਿਵਸ ਦੇ ਮੌਕੇ ਤੇ ਰਾਜ ਪੱਧਰ ਤੇ ਸਮਾਗਮ ਕੀਤਾ ਗਿਆ । ਇਸ ਖਾਸ ਮੌਕੇ ਤੇ ਮਾਨਯੋਗ ਸ੍ਰੀ ਪਰਮਿੰਦਰ ਸਿੰਘ ਢੀਂਡਸਾ, ਪੰਜਾਬ ਦੇ ਵਿੱਤ ਅਤੇ ਯੋਜਨਾ ਮੰਤਰੀ ਜੀ ਨੇ ਵਿਭਾਗ ਦੀ ਤਿਮਾਹੀ ਨਿਊਜ ਲੈਟਰ ਦਾ ਪਹਿਲਾ ਪ੍ਰਕਾਸ਼ਨ ਰੀਲੀਜ ਕੀਤਾ ।

10. ਵਿਭਾਗ ਦੀ ਤਿਮਾਹੀ ਨਿਊਜ਼ ਲੈਟਰ ਮੁੱਕਦੀ ਤਿਮਾਹੀ ਜੂਨ–2013, ਸਤੰਬਰ –2013 ਅਤੇ ਦਸੰਬਰ –2013 ਤਿਆਰ ਕੀਤੀ ਗਈ ।

11. ਰਾਈਟ ਟੂ ਇਨਫਰਮੇਸ਼ਨ ਐਕਟ-2005 ਅਧੀਨ
   (i) 17 ਮੈਨੂਅਲਜ਼ ਦੀ ਸੂਚਨਾ 31-3-2013 ਮੁਤਾਬਕ ਅੱਪਡੇਟ ਕੀਤੀ ।
   (ii) ਸਾਲ 2013 ਵਿੱਚ ਪ੍ਰਾਪਤ ਕੇਸਾਂ ਦੀ ਗਿਣਤੀ ਸਬੰਧੀ ਸਲਾਨਾ ਰਿਪੋਰਟ ਤਿਆਰ ਕੀਤੀ ਅਤੇ ਰਾਜ ਸੂਚਨਾ ਕਮਿਸਨ ਨੂੰ ਭੇਜੀ ਗਈ ।
   (iii) ਸੂਚਨਾ ਦਾ ਅਧਿਕਾਰ ਸੰਬਧੀ ਕੇਸਾਂ ਨੂੰ ਨਿਪਟਾਇਆ ਗਿਆ ।

12. 13ਵੇਂ ਵਿੱਤ ਕਮਿਸਨ ਅਧੀਨ ਵਿਭਾਗ ਵਲੋਂ ਮੈਗਸੀਪਾ ਵਿਖੇ ਅੰਕੜਾਤਮਕ ਟਰੇਨਿੰਗ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਗਿਆ, ਜੋ ਕਿ ਅੰਕੜਾਤਮਕ ਸਟਾਫ ਦੇ ਤਿੰਨ ਬੈਚਾਂ ਵਲੋ ਅਟੈਂਡ ਕੀਤਾ ਗਿਆ ।

**ਫੁੱਟਕਲ:-**

1. ਇਸ ਸ਼ਾਖਾ ਵਲੋਂ ਤਾਲਮੇਲ ਅਤੇ ਵੱਖ-ਵੱਖ ਟਰੇਨਿੰਗਾਂ ਦਾ ਕੰਮ ਵੀ ਕੀਤਾ ਗਿਆ ।

## 6. ਕੀਮਤਾਂ

ਕੀਮਤਾਂ ਦੇ ਰੁੱਖ ਦਾ ਅਧਿਐਨ ਕਰਨ ਲਈ (ਖਾਸ ਕਰਕੇ ਵੱਧ ਰਹੀਆਂ ਕੀਮਤਾਂ) ਥੋਕ ਅਤੇ ਪ੍ਰਚੂਨ ਕੀਮਤਾਂ ਹਰ ਹਫਤੇ ਇਕੱਠੀਆਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਤੋਂ ਮਹੀਨਾਵਾਰ ਕੀਮਤਾਂ ਦੇ ਬੁਲੇਟਿਨ ਤਿਆਰ ਕੀਤੇ ਜਾਂਦੇ ਹਨ। ਪੰਜਾਬ ਵਿਚ ਕਾਮੇ ਵਰਗਾਂ ਲਈ ਉਪਭੋਗਤਾ ਭਾਅ ਸੂਚਕ ਅੰਕ 6 ਚੋਣਵੇਂ ਕੇਂਦਰਾਂ ਅਰਥਾਤ ਅਬੋਹਰ, ਬਠਿੰਡਾ, ਧਾਰੀਵਾਲ, ਨੰਗਲ, ਪਟਿਆਲਾ ਅਤੇ ਫਗਵਾੜਾ ਲਈ ਹਰ ਮਹੀਨੇ ਤਿਆਰ ਕਰਕੇ ਰਾਜ ਦੇ ਸਰਕਾਰੀ ਦਫਤਰਾਂ ਅਤੇ ਸਬੰਧਤ ਉਦਯੋਗਿਕ ਇਕਾਈਆਂ ਨੂੰ ਭੇਜੇ ਜਾਂਦੇ ਹਨ ਤਾਂ ਕਿ ਉਹ ਫੈਕਟਰੀ ਕਾਮਿਆਂ ਨੂੰ ਵੱਧ ਰਹੀਆਂ ਕੀਮਤਾਂ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਰਾਹਤ ਦੇ ਸਕਣ। ਪੇਂਡੂ ਪ੍ਰਚੂਨ ਕੀਮਤਾਂ ਅਤੇ ਜ਼ਰਾਇਤੀ ਮਜ਼ਦੂਰਾਂ ਦੀ ਮਜਦੂਰੀ ਸਬੰਧੀ ਅੰਕੜੇ ਇਕੱਠੇ ਕਰਕੇ ਸੰਕਲਨ ਤੋਂ ਬਾਅਦ ਹਰ ਮਹੀਨੇ ਕੇਂਦਰੀ ਸਰਕਾਰ ਅਤੇ ਰਾਜ ਸਰਕਾਰ ਦੇ ਵਿਭਾਗਾਂ ਨੂੰ ਭੇਜੇ ਜਾਂਦੇ ਹਨ। ਚੁਣੀਆਂ ਹੋਈਆਂ ਜ਼ਰੂਰੀ ਵਸਤਾਂ ਦੀਆਂ ਥੋਕ ਅਤੇ ਪ੍ਰਚੂਨ ਕੀਮਤਾਂ ਦੀ ਮਹੀਨਾਵਾਰ ਮੋਨੀਟਰਿੰਗ ਰਿਪੋਰਟ ਤਿਆਰ ਕੀਤੀ ਜਾਂਦੀ ਹੈ।

**ਸਾਲ 2013–14 ਦੌਰਾਨ ਕੀਤਾ ਕੰਮ :-**

1. ਉਪਭੋਗਤਾ ਭਾਅ ਸੂਚਕ ਅੰਕ (ਆਧਾਰ 1987=100) ਕਾਮਿਆਂ ਲਈ ਚੋਣਵੇਂ ਛੇ ਕੇਂਦਰਾਂ ਲਈ ਇਨਡੈਕਸ ਮਹੀਨਾ ਮਾਰਚ, 2013 ਤੋਂ ਫਰਵਰੀ, 2014 ਤੱਕ ਤਿਆਰ ਕਰਕੇ ਜਾਰੀ ਕੀਤੇ ਗਏ ।
2. ਥੋਕ ਕੀਮਤਾਂ ਦਾ ਸੂਚਕ ਅੰਕ ਮਹੀਨਾ ਮਾਰਚ,2013 ਤੋਂ ਫਰਵਰੀ-2014 ਤੱਕ ਤਿਆਰ ਕਰਨ ਉਪਰੰਤ ਜਾਰੀ ਕੀਤਾ ਗਿਆ ।
3. ਉਪਰੇਸਨ ਵਾਈਜ/ ਜਿਲ੍ਹਾ ਵਾਈਜ ਜ਼ਰਾਇਤੀ ਮਜ਼ਦੂਰਾਂ ਦੀ ਮਜ਼ਦੂਰੀ ਸਬੰਧੀ ਮਹੀਨਾ ਮਾਰਚ,2013 ਤੋਂ ਫਰਵਰੀ,2014 ਤੱਕ ਸੂਚਨਾ ਤਿਆਰ ਕੀਤੀ ਗਈ ਅਤੇ ਭਾਰਤ ਸਰਕਾਰ ਨੂੰ ਭੇਜੀ ਜਾਣ ਵਾਲੀ ਇਹ ਸੂਚਨਾ ਖੇਤੀਬਾੜੀ ਵਿਭਾਗ ਨੂੰ ਅਗਲੇਰੀ ਕਾਰਵਾਈ ਹਿੱਤ ਭੇਜੀ ਗਈ ।

4. ਚੁਣੀਆਂ ਹੋਈਆਂ ਜ਼ਰੂਰੀ ਵਸਤਾਂ ਦੀਆਂ ਥੋਕ ਅਤੇ ਪ੍ਰਚੂਨ ਕੀਮਤਾਂ ਦੀ ਮਹੀਨਾਵਾਰ ਮੋਨੀਟਰਿੰਗ ਤਹਿਤ ਮਾਰਚ,2013 ਤੋਂ ਨਵੰਬਰ 2013 ਤੱਕ ਕੀਮਤਾਂ ਤਿਆਰ ਕੀਤੀਆਂ ਗਈਆਂ ਅਤੇ ਦਸੰਬਰ 2013 ਤੋਂ ਫਰਵਰੀ 2014 ਤੱਕ ਹਫਤਾਵਾਰ ਪ੍ਰਚੂਨ ਕੀਮਤਾਂ ਦੀ ਸਟੇਟਮੈਂਟ ਤਿਆਰ ਕੀਤੀ ਗਈ।
5. ਇਸ ਸਾਲ ਦੌਰਾਨ ਉਦਯੋਗਿਕ ਕਾਮਿਆਂ ਲਈ ਉਪਭੋਗਤਾ ਭਾਅ ਸੂਚਕ ਅੰਕ ਦਾ ਆਧਾਰ ਸਾਲ 1987=100 ਤੋਂ 2014=100 ਰੀਵਾਈਜ਼ ਕਰਨ ਲਈ ਟੈਕਨੀਕਲ ਐਡਵਾਈਜ਼ਰੀ ਕਮੇਟੀ ਦੀਆਂ ਦੋ ਮੀਟਿੰਗਾਂ ਕਰਵਾਈਆਂ ਗਈਆ, ਜਿਸ ਦੌਰਾਨ ਨਵੇ 6 (ਬਠਿੰਡਾ, ਕਪੂਰਥਲਾ, ਹੁਸਿਆਰਪੁਰ, ਪਟਿਆਲਾ,ਫਤਿਹਗੜ੍ਹ ਸਾਹਿਬ ਅਤੇ ਐਸ.ਏ.ਐਸ.ਨਗਰ ਮੋਹਾਲੀ) ਸੈਂਟਰਾਂ ਦੀ ਚੋਣ ਕੀਤੀ ਗਈ ।
6. ਪੰਜਾਬ ਲਈ ਉਪਭੋਗਤਾ ਭਾਅ ਸੂਚਕ ਅੰਕ ਮਹੀਨਾ ਅਪ੍ਰੈਲ ਤੋਂ ਦਸੰਬਰ 2013 ਅਤੇ ਥੋਕ ਕੀਮਤਾਂ ਦੇ ਸੂਚਕ ਅੰਕ ਮਹੀਨਾ ਅਪ੍ਰੈਲ ਤੋ ਨਵੰਬਰ 2013 ਤੱਕ ਤਿਆਰ ਕਰਕੇ ਵਿਭਾਗੀ ਵੈਬ ਸਾਈਟ ਤੇ ਪਲੇਸ ਕੀਤੇ ਗਏ ।
7. 21 ਜਰੂਰੀ ਵਸਤਾਂ ਦੀਆਂ ਜਿਲ੍ਹਾਵਾਰ ਪ੍ਰਚੂਨ ਕੀਮਤਾਂ ਦੀ ਹਫਤਾਵਾਰ ਸੂਚਨਾ ਮਹੀਨਾ ਮਾਰਚ 2014 ਤਿਆਰ ਕਰਨ ਉਪਰੰਤ ਵਿਭਾਗੀ ਵੈਬ ਸਾਈਟ ਤੇ ਪਲੇਸ ਕੀਤੀ ਗਈ ।

## 8. ਫ਼ੀਲਡ ਉਪਰੇਸਨ

ਅਰਥ ਤੇ ਅੰਕੜਾ ਸੰਗਠਨ, ਪੰਜਾਬ ਦੀ ਫੀਲਡ ਉਪਰੇਸ਼ਨ ਸ਼ਾਖਾ ਦੀ ਸਥਾਪਨਾ ਦਾ ਮੁੱਖ ਉਦੇਸ਼ ਪਿੰਡ/ਬਲਾਕ ਪੱਧਰ ਦੇ ਅੰਕੜਿਆਂ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣਾ ਹੈ। ਇਹ ਸ਼ਾਖਾ ਸਮਾਜਿਕ ਅਤੇ ਆਰਥਿਕ ਪਹਿਲੂਆਂ ਦੀ ਪਿੰਡ/ਬਲਾਕ ਪੱਧਰ ਤੇ ਵਾਧੂ ਮੁੱਢਲੀ ਸੂਚਨਾ ਇਕੱਠੀ ਕਰਦੀ ਹੈ ਜੋ ਪਹਿਲਾਂ ਕਿਸੇ ਹੋਰ ਏਜੰਸੀ ਦੁਆਰਾ ਘੱਟ ਹੀ ਇਕੱਤਰ ਕੀਤੀ ਜਾਂਦੀ ਰਹੀ ਹੈ। ਸਮੇਂ ਦੀ ਮੰਗ ਨਾਲ ਬਲਾਕ ਅਤੇ ਹੇਠਲੇ ਪੱਧਰ ਦੀ ਮਾਈਕਰੋ ਯੋਜਨਾ ਦੀ ਮਹੱਤਤਾ ਵਧਣ ਨਾਲ ਬਲਾਕ ਪੱਧਰ ਦੇ ਅੰਕੜਿਆਂ ਦੀ ਮਹੱਤਤਾ ਵੱਧ ਗਈ ਹੈ। ਵੱਖ ਵੱਖ ਸਰਕਾਰੀ ਵਿਭਾਗਾਂ ਅਤੇ ਸੰਗਠਨਾਂ ਵਲੋਂ ਵਿਸ਼ੇਸ਼ ਕਰਕੇ ਯੋਜਨਾ ਤੇ ਹੇਠਲੀ ਪੱਧਰ ਦੇ ਵਿਕੇਂਦਰੀਕਰਨ ਹੋਣ ਕਰਕੇ ਪਿੰਡ ਤੇ ਬਲਾਕ ਪੱਧਰ ਦੇ ਅੰਕੜਿਆਂ ਦੀ ਬਹੁਤ ਮੰਗ ਕੀਤੀ ਜਾਂਦੀ ਹੈ।

ਬਲਾਕ ਪੱਧਰ ਤੇ ਨਿਯੁਕਤ ਇਨਵੈਸਟੀਗੇਟਰਾਂ ਵਲੋਂ ਪਿੰਡ ਪੱਧਰ ਦੀ ਵਿਸਥਾਰ ਪੂਰਵਕ ਸੂਚਨਾ ਇਕੱਤਰ ਅਤੇ ਸੰਕਲਨ ਕੀਤੀ ਜਾਂਦੀ ਹੈ, ਜਿਸ ਨੂੰ ਜ਼ਿਲ੍ਹਾ ਪੱਧਰ ਤੇ ਨਿਯੁਕਤ ਅੰਕੜਾ ਸਹਾਇਕਾਂ/ਸਹਾਇਕ ਖੋਜ ਅਫਸਰਾਂ ਵਲੋਂ ਜ਼ਿਲ੍ਹਾ ਅੰਕੜਾ ਅਫਸਰਾਂ ਦੀ ਦੇਖ ਰੇਖ ਵਿਚ ਚੈਕ ਕੀਤਾ ਜਾਂਦਾ ਹੈ। ਰਾਜ ਪੱਧਰ ਤੇ ਇਸ ਸੂਚਨਾ ਦੀ ਸਕਰੂਟਨੀ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਕੱਤਰ ਕੀਤੀ ਗਈ ਸੂਚਨਾ ਦੇ ਆਧਾਰ ਤੇ ਰਾਜ ਦੇ ਹਰ ਜ਼ਿਲ੍ਹੇ ਵਲੋਂ ਪਿੰਡਾਂ ਦੀ ਡਾਇਰੈਕਟਰੀ ਅਤੇ ਬਲਾਕ ਐਟ ਏ ਗਲਾਂਸ ਤਿਆਰ ਕੀਤੇ ਜਾਂਦੇ ਹਨ।

ਯੋਜਨਾ ਕਮਿਸ਼ਨ ਭਾਰਤ ਸਰਕਾਰ ਦੇ ਨਿਰਦੇਸ਼ ਅਨੁਸਾਰ ਸਾਲ 1998-99 ਤੋਂ ਰਾਜ ਦੇ ਹਰ ਜ਼ਿਲ੍ਹੇ ਦੀ ਪਿੰਡਾਂ ਦੀ ਡਾਇਰੈਕਟਰੀ ਨੂੰ ਵੈਬ ਸਾਈਟ ਤੇ ਪਲੇਸ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ। ਹਰ ਸਾਲ ਬਲਾਕਵਾਰ ਸਮਾਜਿਕ ਅਤੇ ਆਰਥਿਕ ਵਿਕਾਸ (ਪਿਛੜ) ਸੂਚਕ ਅੰਕ ਤਿਆਰ ਕੀਤੇ ਜਾਂਦੇ ਹਨ। ਪੰਜਾਬ ਰਾਜ ਦੇ ਅਤੇ ਸਮੂਹ ਭਾਰਤ ਦੇ ਕ੍ਰਿਟੀਕਲ ਆਰਥਿਕ ਸੂਚਕ ਵੀ ਤਿਆਰ ਕਰਕੇ ਵੈਬ ਸਾਈਟ ਤੇ ਪਲੇਸ ਕੀਤੇ ਜਾਂਦੇ ਹਨ । ਇਸ ਤੋਂ ਇਲਾਵਾ ਇਸ ਸ਼ਾਖਾ ਵਲੋ ਸਮੇ ਸਮੇ ਤੇ ਸਰਕਾਰ ਦੀ ਮੰਗ ਅਨੁਸਾਰ ਸਰਵੇ ਕਰਵਾਏ ਜਾਂਦੇ ਹਨ ।

**ਸਾਲ 2013-2014 ਦੌਰਾਨ ਕੀਤਾ ਕੰਮ:-**

1. i) ਪਿੰਡਾਂ ਦੀ ਡਾਇਰੈਕਟਰੀ ਸਾਲ 2010–11 (ਰਹਿੰਦੇ ਤਿੰਨ ਜਿਲ੍ਹਿਆਂ ਦੀ ) ਮੁਕੰਮਲ ਕੀਤੀ ਗਈ ਅਤੇ ਵਿਭਾਗ ਦੀ ਵੈਬ ਸਾਈਟ www.esopb.gov.in ਤੇ ਪਲੇਸ ਕੀਤੀ ਗਈ ।
ii) ਪਿੰਡਾਂ ਦੀ ਡਾਇਰੈਕਟਰੀ ਸਾਲ 2011–12 ਦੇ ਸਮੂਹ ਜਿਲ੍ਹਿਆਂ ਦੀ ਸੂਚਨਾ ਕੰਪਿਊਟਰਾਈਜ਼ ਕੀਤੀ ਗਈ ਅਤੇ ਵਿਭਾਗ ਦੀ ਵੈਬ ਸਾਈਟ www.esopb.gov.in ਤੇ ਪਲੇਸ ਕਰਨ ਲਈ ਇਸ ਦਾ PDF ਤਿਆਰ ਕੀਤਾ ਗਿਆ ।
iii) ਪਿੰਡਾਂ ਦੀ ਡਾਇਰੈਕਟਰੀ ਸਾਲ 2012–13 ਦੇ 15 ਜਿਲ੍ਹਿਆਂ ਦੀ ਸੂਚਨਾ ਕੰਪਿਊਟਰਾਈਜ਼ਡ ਕਰਵਾਈ ਗਈ।

2. ਸਾਲ 2011-12 ਦੇ 18 ਜਿਲ੍ਹਿਆਂ ਦੇ ਬਲਾਕ ਐਟ ਏ ਗਲਾਂਸ ਦੀ ਸੂਚਨਾ ਆਨ ਲਾਈਨ ਚੈਕ ਕੀਤੀ ਅਤੇ ਵਿਭਾਗ ਦੀ ਵੈਬ ਸਾਈਟ ਤੇ ਪਲੇਸ ਕੀਤੀ ।ਸਾਲ 2012–13 ਲਈ 15 ਜਿਲ੍ਹਿਆਂ ਦੇ ਬਲਾਕ ਐਟ ਏ ਗਲਾਂਸ ਦੀ ਸੂਚਨਾ ਕੰਪਿਊਟਰਾਈਜ਼ਡ ਕੀਤੀ ਗਈ ।
3. ਪੰਜਾਬ ਬਨਾਮ ਭਾਰਤ ਦੇ ਕ੍ਰਿਟੀਕਲ ਆਰਥਿਕ ਸੂਚਕ ਸਾਲ 2010-11 ਤਿਆਰ ਕਰਨ ਉਪਰੰਤ ਕੰਪਿਊਟਰਾਈਜ਼ਡ ਕਰਕੇ ਵੈਬ ਸਾਈਟ ਤੇ ਪਾਏ ਗਏ ।
4. ਆਰਥਿਕ ਸਰਵੇਖਣ ਸਾਲ 2013-14 ਦੇ 3 ਚੈਪਟਰ ਤਿਆਰ ਕੀਤੇ ਗਏ ।
5. ਸਮੂਹ ਜਿਲ੍ਹਿਆਂ ਤੋਂ ਵਿਕਾਸ ਇੰਡੀਕੇਟਰ ਦਾ ਡਾਟਾ ਇੱਕਤਰ ਕਰਨ ਉਪਰੰਤ ਰਾਜ ਅੰਕੜਾ ਸਾਰ-2013 ਲਈ ਸਾਰਣੀ ਨੰ: 11 ਤਿਆਰ ਕੀਤੀ ਗਈ ।

6. ਪਿੰਡਾਂ ਦੀ ਡਾਇਰੈਕਟਰੀ ਅਤੇ ਬਲਾਕ ਐਟ-ਏ-ਗਲਾਂਸ ਸਬੰਧੀ ਐਨ.ਆਈ.ਸੀ. ਵਲੋਂ ਤਿਆਰ ਕੀਤੇ ਗਏ ਸਾਫਟਵੇਅਰ ਤੇ ਕੰਮ ਕਰਨਾ ਸ਼ੁਰੂ ਕੀਤਾ ਗਿਆ ।

7. ਕੰਡੀ ਏਰੀਏ ਦੇ ਪਿੰਡਾਂ ਦੀਆਂ ਲਿਸਟਾਂ ਸਬੰਧਤ ਜਿਲ੍ਹਿਆਂ (ਸਿਵਾਏ ਰੂਪਨਗਰ ਜਿਲ੍ਹੇ) ਤੋ ਨੋਟੀਫਿਕੇਸਨ ਲਈ ਇੱਕਤਰ ਕੀਤੀਆਂ ਗਈਆਂ ।

8. ਵਿਧਾਨ ਸਭਾ ਹਲਕਾਵਾਰ ਪਿੰਡਾਂ ਦੀਆਂ ਲਿਸਟਾਂ ਤਿਆਰ ਕਰਕੇ ਸਕੱਤਰ,ਯੋਜਨਾ ਜੀ ਨੂੰ ਭੇਜੀਆਂ ਗਈਆਂ ਅਤੇ ਦੁਬਾਰਾ ਚੈਕਿੰਗ ਲਈ ਪ੍ਰਗਤੀ ਅਧੀਨ ਹੈ ।

## 8. ਡੈਮੋਗ੍ਰਾਫੀ ਅਤੇ ਹਾਊਸਿੰਗ

ਇਸ ਸੈਕਸ਼ਨ ਦੁਆਰਾ ਹੇਠ ਦਰਸਾਈਆਂ ਰਿਪੋਰਟਾਂ ਤਿਆਰ ਕੀਤੀਆਂ:-

1. **ਪੰਜਾਬ ਸਰਕਾਰ ਦੇ ਕਰਮਚਾਰੀਆਂ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ** :

ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀ ਗਣਨਾ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ ਸਬੰਧੀ ਹਰ ਸਾਲ 31 ਮਾਰਚ ਦੀ ਸੂਚਨਾਂ ਤਿਆਰ ਕੀਤੀ ਜਾਂਦੀ ਹੈ। ਸਲਾਨਾ ਰਿਪੋਰਟ ਵਿੱਚ ਸੂਚਨਾਂ ਤਨਖਾਹ ਰੇਜ਼, ਜ਼ਿਲ੍ਹੇਵਾਰ, ਵਿਭਾਗਵਾਰ ਅਤੇ ਲਿੰਗਵਾਰ ਦਰਜ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਦੇ ਕੁੱਲ ਕਰਮਚਾਰੀਆਂ ਵਿਚੋਂ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਸਾਬਕਾ ਫੌਜੀਆਂ, ਸਵਤੰਤਰਤਾ ਸੰਗਰਾਮੀਆਂ ਦੇ ਬੱਚੇ ਅਤੇ ਅੰਗਹੀਣ ਕਰਮਚਾਰੀਆਂ ਦੀ ਗਿਣਤੀ ਇਕੱਤਰ ਕੀਤੀ ਜਾਂਦੀ ਹੈ।

ਇਸ ਪੁਸਤਕ ਵਿੱਚ ਮਾਰਚ, 1993 ਤੋਂ ਕਾਰਪੋਰੇਸ਼ਨ, ਬੋਰਡਾਂ, ਨਗਰਪਾਲਿਕਾਵਾਂ ਮਾਰਕੀਟ ਕਮੇਟੀਆਂ ਅਤੇ ਨਗਰ ਸੁਧਾਰ ਟਰਸਟਾਂ ਆਦਿ ਦੇ ਅਰਧ ਸਰਕਾਰੀ ਕਰਮਚਾਰੀਆਂ ਸਬੰਧੀ ਡੈਟਾ ਸ਼ਾਮਿਲ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀ ਗਣਨਾ ਅਤੇ ਅੱਰਧ-ਸਰਕਾਰੀ ਕਰਮਚਾਰੀਆਂ ਦੀ ਗਣਨਾ ਦੀ ਰਿਪੋਰਟ ਬਾਬਤ 31-3-2013 ਤਿਆਰ ਕੀਤੀ ਗਈ ।

2. **ਨਗਰਪਾਲਿਕਾ ਅੰਕੜਾ ਪੁਸਤਕ:**

ਇਹ ਰਿਪੋਰਟ ਸਲਾਨਾ ਤਿਆਰ ਕੀਤੀ ਜਾਂਦੀ ਹੈ ਅਤੇ ਇਸ ਵਿੱਚ ਰਾਜ ਦੀਆਂ ਸਾਰੀਆਂ ਨਗਰ ਨਿਗਮ/ਨਗਰਪਾਲਿਕਾਵਾਂ ਦੇ ਮਹੱਤਵਪੂਰਨ ਅੰਕੜੇ ਜਿਵੇਂ ਰਕਬਾ ਅਤੇ ਆਬਾਦੀ, ਚੰਗੀ ਸਿਹਤ, ਸਿਖਿਆ, ਪਾਣੀ ਸਪਲਾਈ, ਮਨੋਰੰਜਨ ਸਹੂਲਤਾਂ, ਹੋਟਲ, ਪਸ਼ੂ ਚਕਿਤਸਾਵਾਂ, ਬੈਂਕ, ਸੜਕਾਂ, ਖੇਡ ਸਹੂਲਤਾਂ ਅਤੇ ਡੀਜ਼ਲ/ ਪੈਟਰੋਲ ਪੰਪ ਤੇ ਗੈਸ ਏਜੰਸੀਆਂ ਦੀ ਗਿਣਤੀ ਆਦਿ ਦਰਜ ਕੀਤੇ ਜਾਂਦੇ ਹਨ।

(i) ਇਸ ਸਮੇ ਦੌਰਾਨ ਨਗਰਪਾਲਿਕਾ ਅੰਕੜਾ ਪੁਸਤਕ ਸਾਲ 2010-11 ਤਿਆਰ ਕੀਤੀ ਗਈ ਅਤੇ ਪ੍ਰਵਾਨ ਕਰਵਾਈ ਗਈ ।

(ii) ਨਗਰਪਾਲਿਕਾ ਅੰਕੜਾ ਪੁਸਤਕ ਸਾਲ 2011-12 ਨਿਰੀਖਣ ਕਰਕੇ ਤਿਆਰ ਕੀਤੀ ਜਾ ਰਹੀ ਹੈ ।

3. **ਬਿਲਡਿੰਗ ਮਟੀਰੀਅਲ ਕੀਮਤਾਂ ਅਤੇ ਮਜ਼ਦੂਰੀ ਦੀਆਂ ਉਜਰਤਾਂ:**

(i) ਬਿਲਡਿੰਗ ਮਟੀਰੀਅਲ ਦੀਆਂ ਕੀਮਤਾਂ ਅਤੇ ਮਜ਼ਦੂਰੀ ਦੀਆਂ ਉਜਰਤਾਂ ਦੇ ਅੰਕੜੇ ਤਿਮਾਹੀਵਾਰ ਪੰਜਾਬ ਰਾਜ ਦੇ ਸਾਰੇ ਜ਼ਿਲ੍ਹਿਆਂ ਤੋਂ ਇਕੱਤਰ ਕਰਕੇ ਨੈਸ਼ਨਲ ਬਿਲਡਿੰਗ ਆਰਗੇਨਾਈਜੇਸ਼ਨ, ਭਾਰਤ ਸਰਕਾਰ ਨਵੀਂ ਦਿੱਲੀ ਨੂੰ ਭੇਜੇ ਜਾਂਦੇ ਹਨ।

(ii) ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ ਸਲਾਨਾ ਤਿਆਰ ਕਰਕੇ ਐਨ.ਬੀ.ਓ. ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜਿਆ ਜਾਂਦਾ ਹੈ ।

(iii) ਬਿਲਡਿੰਗ ਮੈਟੀਰੀਅਲ ਦੀਆਂ ਕੀਮਤਾਂ ਅਤੇ ਮਜ਼ਦੂਰੀ ਦੀਆਂ ਉਜਰਤਾਂ ਸਬੰਧੀ ਤਿਮਾਹੀਵਾਰ 31-3-2013 30-6-2013, 30-9-2013 ਅਤੇ 31-12-2013 ਦੀ ਸੂਚਨਾਂ ਤਿਆਰ ਕਰਕੇ ਨੈਸ਼ਨਲ ਬਿਲਡਿੰਗ ਆਰਗੇਨਾਈਜੇਸ਼ਨ , ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜੀ ਗਈ। ਸਾਲ 2013 ਦਾ ਬਿਲਡਿੰਗ ਕੰਨਸ਼ਟਰਕਸ਼ਨ ਕਾਸਟ ਇੰਡੈਕਸ ਤਿਆਰ ਕਰਨ ਉਪਰੰਤ ਐਨ.ਬੀ.ਓ. ਨਵੀਂ ਦਿੱਲੀ ਨੂੰ ਭੇਜਿਆ ਗਿਆ । ਸਾਰਣੀ ਨੰ: 32.8 ਸੰਗ੍ਰਹਿ ਸ਼ਾਖਾ ਨੂੰ ਪੰਜਾਬ ਦੇ ਰਾਜ ਅੰਕੜਾ ਸਾਰ -2013 ਵਿੱਚ ਸ਼ਾਮਲ ਕਰਨ ਲਈ ਭੇਜੀ ਗਈ ।

4. **ਮਕਾਨਾਂ/ਇਮਾਰਤਾਂ ਦੀ ਉਸਾਰੀ ਸਬੰਧੀ ਸੂਚਨਾਂ**

ਪ੍ਰਾਈਵੇਟ/ਪਬਲਿਕ ਖੇਤਰ ਵਿਚ ਮਕਾਨਾਂ/ਇਮਾਰਤਾਂ ਦੀ ਉਸਾਰੀ ਦੀ ਸੂਚਨਾਂ ਕ੍ਰਮਵਾਰ ਸਬੰਧਤ ਨਗਰਪਾਲਿਕਾਵਾਂ ਅਤੇ ਰਾਜ ਸਰਕਾਰ ਦੇ ਸਬੰਧਤ ਅਦਾਰਿਆਂ ਤੋਂ ਇਕੱਤਰ ਕਰਕੇ ਨੈਸ਼ਨਲ ਬਿਲਡਿੰਗ ਆਰਗੇਨਾਈਜੇਸ਼ਨ, ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜੀ ਜਾਂਦੀ ਹੈ।

(i) ਪਬਲਿਕ ਸੈਕਟਰ ਨਾਲ ਸਬੰਧਤ 5 ਵਿਭਾਗਾਂ ਪੁਲਿਸ ਹਾਊਸਿੰਗ ਕਾਰਪੋਰੇਸਨ, ਹਾਊਸਫੈਂਡ ਪੰਜਾਬ, ਪੰਜਾਬ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਅਥਾਰਟੀ (ਪੁੱਡਾ), ਹੈਲਥ ਸਿਸਟਮ ਕਾਰਪੋਰੇਸ਼ਨ, ਪਬਲਿਕ ਵਰਕਸ ਵਿਭਾਗ (ਬੀ.ਐਂਡ ਆਰ), ਤੋਂ ਪ੍ਰਾਪਤ ਸੂਚਨਾ ਈ.ਮੇਲ ਰਾਹੀਂ ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜੀ ਗਈ ।

5. **ਬੇਸਿਕ ਸਟੈਟਿਸਟਿਕਸ ਫਾਰ ਲੋਕਲ ਡਿਵੈਲਪਮੈਂਟ**

ਬੇਸਿਕ ਸਟੈਟਿਸਟਿਕਸ ਫਾਰ ਲੋਕਲ ਡਿਵੈਲਪਮੈਂਟ ਸਰਵੇ ਭਾਰਤ ਸਰਕਾਰ ਵਲੋ ਜਿਲ੍ਹਾ ਰੂਪਨਗਰ ਵਿੱਚ ਕਰਵਾਇਆ ਜਾ ਰਿਹਾ ਹੈ। ਸਾਲ 2012-13 ਦੌਰਾਨ ਸਰਵੇ ਦੇ ਦੂਜੇ ਫੇਜ਼ ਲਈ ਫੀਲਡ ਦਾ ਕੰਮ ਕੀਤਾ ਜਾ ਚੁਕਿਆ ਹੈ। ਰਿਪੋਰਟ ਕੇਂਦਰੀ ਅੰਕੜਾ ਸੰਗਠਨ, ਭਾਰਤ ਸਰਕਾਰ ਨੂੰ ਭੇਜੀ ਜਾ ਚੁੱਕੀ ਹੈ । ਇਸ ਸਾਖਾ ਵਲੋ ਸਾਲ 2013-14 ਦੌਰਾਨ ਸਰਵੇ ਸਬੰਧੀ ਕੁਆਰਡੀਨੇਸ਼ਨ ਦਾ ਕੰਮ ਕੀਤਾ ਗਿਆ ਹੈ ।

6. **ਰੁਜਗਾਰ ਅਤੇ ਬੇਰੁਜਗਾਰ ਸਰਵੇ**

ਲੇਬਰ ਬਿਊਰੋ ਭਾਰਤ ਸਰਕਾਰ ਵਲੋ ਪੰਜਾਬ ਵਿੱਚ ਇੰਮਪਲਾਇਮੈਂਟ ਅਤੇ ਅਨਇੰਮਪਲਾਇਮੈਂਟ ਸਰਵੇ ਕਰਵਾਇਆ ਜਾ ਰਿਹਾ ਹੈ।ਸਰਵੇ ਦੀ ਸੁਪਰਵੀਜਨ ਦਾ ਕੰਮ ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਵਲੋ ਵੇਖਿਆ ਜਾ ਰਿਹਾ ਹੈ । ਸਰਵੇ ਦੇ ਕੁਆਰਡੀਨੇਸਨ ਦਾ ਕੰਮ ਡੈਮੋਗਰਾਫੀ ਸਾਖਾ ਵਲੋਂ ਕੀਤਾ ਗਿਆ ।

9. **ਸਿੰਚਾਈ ਅਤੇ ਊਰਜਾ**

ਇਸ ਸੈਕਸ਼ਨ ਦੁਆਰਾ ਪੰਜਾਬ ਦੇ ਊਰਜਾ ਅੰਕੜੇ ਦੀ ਰਿਪੋਰਟ ਤਿਆਰ ਕੀਤੀ ਜਾਂਦੀ ਹੈ ਜਿਸ ਵਿੱਚ ਊਰਜਾ ਦੇ ਵੱਖ ਵੱਖ ਪਹਿਲੂਆਂ ਉਤੇ ਜ਼ਿਲ੍ਹੇਵਾਰ ਅਤੇ ਰਾਜਵਾਰ ਸੂਚਨਾਂ ਸ਼ਾਮਿਲ ਕੀਤੀ ਜਾਂਦੀ ਹੈ। ਇਸ ਰਿਪੋਰਟ ਵਿੱਚ ਬਿਜਲੀ ਦੇ ਉਤਪਾਦਨ, ਖਪਤ, ਸੰਚਾਰ, ਵੰਡ, ਪਲਾਂਟਾਂ ਦੀ ਸਥਾਪਿਤ ਸਮਰੱਥਾ, ਪਲਾਂਟ ਲੋਡ ਫੈਕਟਰਜ਼, ਕੁਨੈਕਟਿਡ ਲੋਡ, ਐਲ.ਟੀ., 11 ਕੇ.ਵੀ. ਅਤੇ ਐਚ.ਟੀ. ਲਾਈਨਾਂ ਦੀ ਲੰਬਾਈ, ਟਰਾਂਸਫਾਰਮਰਾਂ ਦੀ ਗਿਣਤੀ ਅਤੇ ਬਿਜਲੀਕਰਨ ਕੀਤੇ ਪਿੰਡਾਂ ਅਤੇ ਕਸਬਿਆਂ ਦੀ ਸੰਖਿਆ, ਗੈਸ ਕੁਨੈਕਸ਼ਨਾਂ ਦੀ ਗਿਣਤੀ, ਗੋਬਰ ਗੈਸ ਪਲਾਟਾਂ ਦੀ ਗਿਣਤੀ, ਪੈਟਰੋਲ, ਹਾਈਸਪੀਡ ਡੀਜ਼ਲ ਅਤੇ ਮਿੱਟੀ ਦੇ ਤੇਲ ਦੀ ਖਪਤ ਅਤੇ ਬਿਜਲੀ ਨਾਲ ਸਬੰਧਤ ਸਕੀਮਾਂ ਤੇ ਖਰਚੇ ਆਦਿ ਦੇ ਵਿਸਥਾਰ ਪੂਰਵਕ ਅੰਕੜੇ ਸ਼ਾਮਿਲ ਕੀਤੇ ਜਾਂਦੇ ਹਨ। ਜਿਥੋਂ ਤੱਕ ਸੰਭਵ ਹੋਇਆ, ਦੂਜੇ ਰਾਜਾਂ ਨਾਲ ਵੱਖ ਵੱਖ ਤੱਥਾਂ ਦੇ ਤੁਲਨਾਤਮਿਕ ਅੰਕੜੇ ਵੀ ਰਿਪੋਰਟ ਵਿਚ ਦਿਤੇ ਗਏ।

**ਸਾਲ 2013-14 ਦੌਰਾਨ ਕੀਤਾ ਕੰਮ:-**

1. ਪੰਜਾਬ ਦੇ ਊਰਜਾ ਦੇ ਅੰਕੜੇ ਸਾਲ 2009-10 ਅਤੇ 2010-11 ਦੀ ਰਿਪੋਰਟ ਪ੍ਰਵਾਨ ਕਰਵਾਈ ਗਈ।
2. ਪੰਜਾਬ ਦੇ ਊਰਜਾ ਦੇ ਅੰਕੜੇ ਸਾਲ 2011-12 ਲਈ 30 ਸਾਰਣੀਆਂ ਤਿਆਰ ਕੀਤੀਆਂ ਗਈਆਂ ।
3. ਸਾਲ 2012-13 ਦੀ ਪ੍ਰਾਪਤ ਸੂਚਨਾ ਦੀ ਸਕਰੂਟਨੀ ਕੀਤੀ ਗਈ ।

**ਫੁੱਟਕਲ**

1. ਊਰਜਾ ਚੈਪਟਰ ਨਾਲ ਸਬੰਧਤ ਰਾਜ ਅੰਕੜਾ ਸਾਰ 2013 ਦੀਆਂ 10 ਸਾਰਣੀਆਂ ਅਤੇ ਆਰਥਿਕ ਸਰਵੇਖਣ ਸਾਲ 2013-14 ਦੀਆਂ 9 ਸਾਰਣੀਆਂ ਤਿਆਰ ਕੀਤੀਆਂ ਗਈਆਂ।
2. ਆਰਥਿਕ ਸਰਵੇਖਣ ਸਾਲ 2013-14 ਸਬੰਧੀ ਚੈਪਟਰ ਤਿਆਰ ਕਰਨ ਦਾ ਕੰਮ ਜਾਰੀ ਹੈ ।

10. **ਰਾਸ਼ਟਰੀ ਨਮੂਨਾ ਸਰਵੇਖਣ**

ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ, ਭਾਰਤ ਸਰਕਾਰ ਵਲੋਂ ਸਾਲ 1950 ਵਿੱਚ ਕੇਂਦਰ ਅਤੇ ਰਾਜ ਸਰਕਾਰ, ਪਲਾਨਿੰਗ ਕਮਿਸ਼ਨ ਅਤੇ ਹੋਰ ਚਾਹਵਾਨ ਅਦਾਰਿਆਂ ਦੀ ਲੋੜ ਅਨੁਸਾਰ ਰਾਸ਼ਟਰੀ ਪੱਧਰ ਤੇ ਵਿਸਥਾਰ ਪੂਰਵਕ ਸਮਾਜਿਕ ਤੇ ਆਰਥਿਕ ਅੰਕੜੇ ਇਕੱਠੇ ਕਰਨ ਲਈ ਸਥਾਪਿਤ ਕੀਤਾ ਗਿਆ ਸੀ। ਰਾਸ਼ਟਰੀ ਨਮੂਨਾ ਸਰਵੇਖਣ ਵੱਡੇ ਪੈਮਾਨੇ ਤੇ ਰਾਸ਼ਟਰੀ ਪੱਧਰ ਦਾ ਸਰਵੇਖਣ ਹੈ, ਜੋ ਭਾਰਤ ਸਰਕਾਰ ਦੁਆਰਾ ਹਰ ਸਾਲ ਦੌਰਿਆਂ ਦੇ ਰੂਪ ਵਿੱਚ ਵਰਤਮਾਨ ਮਹੱਤਤਾ ਦੇ ਵੱਖਰੇ ਵੱਖਰੇ ਵਿਸ਼ਿਆਂ ਤੇ ਕੀਤਾ ਜਾਂਦਾ ਹੈ। ਪੰਜਾਬ ਰਾਜ ਨੇ ਰਾਸ਼ਟਰੀ ਬਰਾਬਰੀ ਦੇ ਆਧਾਰ ਤੇ ਇਸ ਸਕੀਮ ਵਿੱਚ 1958-59 ਵਿੱਚ 14ਵੇਂ ਦੌਰ ਦੌਰਾਨ ਸ਼ਮੂਲੀਅਤ ਕੀਤੀ ਸੀ। ਰਾਸ਼ਟਰੀ ਨਮੂਨਾ ਸਰਵੇਖਣ ਰਾਹੀਂ ਅੰਕੜੇ ਇਕੱਠੇ ਕਰਨ ਦਾ ਪਹਿਲਾਂ ਮੰਤਵ ਪੰਜਾਬ ਰਾਜ ਲਈ ਇਕੱ ਮਾਤਰ ਸੈਂਪਲ ਨਤੀਜੇ ਪ੍ਰਾਪਤ ਕਰਨਾ ਹੈ ਤਾਂ ਜੋ ਇਹਨਾਂ ਨੂੰ ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ, ਭਾਰਤ ਸਰਕਾਰ ਨੂੰ ਕੇਂਦਰੀ ਅਤੇ ਰਾਜ ਸੈਂਪਲ ਨਤੀਜੇ ਸਾਂਝੇ ਕਰਨ ਲਈ ਭੇਜਿਆ ਜਾ ਸਕੇ। ਇਸ ਸਕੀਮ ਦਾ ਦੂਜਾ ਮੰਤਵ ਭਿੰਨ ਭਿੰਨ ਵਿਭਾਗਾਂ ਨੂੰ ਉਹਨਾਂ ਦੇ ਲੋੜ ਅਨੁਸਾਰ ਅੰਕੜਾਤਮਿਕ ਸੂਚਨਾਂ ਪ੍ਰਦਾਨ ਕਰਨਾ ਹੈ।

**ਸਾਲ 2013-14 ਦੌਰਾਨ ਕੀਤਾ ਕੰਮ:-**

ਰਾਸ਼ਟਰੀ ਨਮੂਨਾ ਸਰਵੇਖਣ ਦੇ 70ਵੇਂ ਦੌਰ ਦਾ ਕੰਮ ਪਹਿਲੀ ਜਨਵਰੀ, 2013 ਤੋਂ ਸ਼ੁਰੂ ਹੋ ਕੇ ਦਸੰਬਰ 2013 ਤੱਕ ਮੁਕੰਮਲ ਕੀਤਾ ਗਿਆ । ਇਸ ਸਮੇਂ ਦੌਰਾਨ ਰ.ਨ.ਸ. ਦੇ 70 ਵੇ ਦੌਰ ਦੇ ਪਹਿਲੇ ਸਬ ਦੌਰ ਦੇ ਕੁੱਲ 93(47 ਪੇਂਡੂ + 46 ਸ਼ਹਿਰੀ ਬਲਾਕ) ਸੈਂਪਲਾਂ ਵਿੱਚੋ ਰਹਿੰਦੇ 7 ਸੈਂਪਲ (2 ਪੇਂਡੂ + 5 ਸ਼ਹਿਰੀ) ਦੀ ਪਹਿਲੀ ਵਿਜਟ ਲਈ

ਖੇਤਰੀ ਸਰਵੇਖਣ ਕੀਤਾ ਗਿਆ। ਮਹੀਨਾ ਅਪ੍ਰੈਲ 2013 ਤੋਂ 31 ਦਸੰਬਰ 2013 ਤੱਕ 70 ਵੇ ਦੌਰ ਦੇ ਪਹਿਲੇ ਸਬ ਦੌਰ ਦੀ ਦੂਜੀ ਵਿਜਟ ਅਤੇ ਦੂਜੇ ਸਬ ਦੌਰ ਲਈ ਅਲਾਟ ਕੀਤੇ ਕੁੱਲ 93 ਸੈਂਪਲ ( 47ਪੇਂਡੂ +46 ਸ਼ਹਿਰੀ) ਦੀ ਪਹਿਲੀ ਵਿਜਟ ਅਤੇ ਦੂਜੀ ਵਿਜਟ ਲਈ ਖੇਤਰੀ ਸਰਵੇਖਣ ਦਾ ਕੰਮ ਮੁਕੰਮਲ ਕੀਤਾ ਗਿਆ। ਇਸ ਸਮੇ ਦੌਰਾਨ ਸਰਵੇਖਣ ਅਧੀਨ ਆਉਂਦੇ ਪਹਿਲੀ ਵਿਜਟ ਅਤੇ ਦੂਜੀ ਵਿਜਟ ਲਈ 2243 ਸ਼ਡਿਊਲ ਭਰੇ ਗਏ।

ਪਹਿਲੀ ਜਨਵਰੀ-2014 ਤੋਂ ਮਾਰਚ-2014 ਤੱਕ ਰਾਸ਼ਟਰੀ ਨਮੂਨਾ ਸਰਵੇਖਣ ਦੇ 71ਵੇ ਦੌਰ ਦੇ ਪਹਿਲੇ ਸਬ ਦੌਰ ਲਈ ਅਲਾਟ ਕੀਤੇ 96 ਸੈਂਪਲਾਂ (48 ਪੇਂਡੂ + 48 ਸ਼ਹਿਰੀ ) ਦਾ ਖੇਤਰੀ ਸਰਵੇਖਣ ਕੀਤਾ ਗਿਆ ਜਿਸ ਦੌਰਾਨ 1248 ਸ਼ਡੂਲ ਭਰੇ ਗਏ।

ਐਨ.ਐਸ.ਐਸ.ਓ. ਵਲੋਂ ਕਰਵਾਈਆਂ ਗਈਆਂ 4 ਵਰਕਸ਼ਾਪ ਹੇਠ ਅਨੁਸਾਰ ਅਟੈਂਡ ਕੀਤੀਆਂ ਗਈਆਂ :-

(i) 71ਵੇ ਦੌਰ ਦੀ ਸਰਵ ਭਾਰਤੀ ਟ੍ਰੇਨਿੰਗ ਵਰਕਸ਼ਾਪ ਹੋਟਲ ਜੇ.ਡਬਲਯੂ. ਮੇਰਿਏਟ, ਚੰਡੀਗੜ੍ਹ ਵਿਖੇ ਮਿਤੀ 23-2-2013 ਤੋਂ 24-9-2013 ਤੱਕ।

(ii) ਰੀਜਨਲ ਪੱਧਰ ਤੇ ਟ੍ਰੇਨਿੰਗ ਵਰਕਸ਼ਾਪ ਹੋਟਲ ਕਰਾਊਨ ਵੈਸਟ, ਫੇਜ-11, ਅਜੀਤਗੜ੍ਹ ਵਿਖੇ ਮਿਤੀ 26-12-2013 ਤੋਂ 28-12-2013 ਤੱਕ।

(iii) 71 ਵੇ ਦੌਰ ਲਈ ਰੀਜਨਲ ਰੀਵਿਊ ਟ੍ਰੇਨਿੰਗ ਕੈਂਪ ਜਲੰਧਰ ਵਿਖੇ ਮਿਤੀ 7-2-2014.

(iv) 71 ਵੇ ਦੌਰ ਲਈ ਰੀਜਨਲ ਰੀਵਿਊ ਟ੍ਰੇਨਿੰਗ ਕੈਂਪ ਮੋਹਾਲੀ ਵਿਖੇ ਮਿਤੀ 13-3-2014.

**ਜੁਆਇੰਟ ਇੰਸਪੈਕਸ਼ਨ**

ਰਾਸ਼ਟਰੀ ਨਮੂਨਾ ਸਰਵੇਖਣ ਦੇ 70ਵੇ ਦੌਰ ਲਈ ਐਨ.ਐਸ.ਐਸ.ਓ. ਰੀਜਨਲ ਆਫਿਸ ਮੋਹਾਲੀ ਅਤੇ ਡੀ.ਈ.ਐਸ. ਪੰਜਾਬ ਦੇ ਅਫਸਰਾਂ ਵਲੋਂ ਦੂਜੇ ਸਬ ਦੌਰ ਦੇ ਪੇਂਡੂ ਸੈਂਪਲ 30321 ਪਿੰਡ ਦਾਊ ਅਤੇ ਸਹਿਰੀ ਸੈਂਪਲ 20238 ਖਰੜ ਵਿਖੇ ਹੋਈ ਜੁਆਇੰਟ ਇੰਸਪੈਕਸਨ ਵਿੱਚ ਭਾਗ ਲਿਆ ਗਿਆ। ਮਿਤੀ 28-1-2014 ਨੂੰ 71ਵੇ ਦੌਰ ਦੇ ਪਹਿਲੇ ਸਬ ਦੌਰ ਦਾ ਸਾਂਝਾ ਸੈਂਪਲ ਸਰਵੇ ਪਿੰਡ ਢੋਲਣ ਮਾਜਰਾ ਵਿਖੇ ਕਰਵਾਇਆ ਗਿਆ।

## 11. ਟੈਬੂਲੇਸ਼ਨ

ਟੈਬੂਲੇਸ਼ਨ ਸ਼ਾਖਾ ਦਾ ਮੁੱਖ ਕੰਮ ਰਾਸ਼ਟਰੀ ਨਮੂਨਾ ਸਰਵੇਖਣ(ਸਟੇਟ ਸੈਂਪਲ) ਦੀ ਖੇਤਰ ਵਿਚੋਂ ਇਕੱਤਰ ਕੀਤੀ ਸੂਚਨਾਂ ਨੂੰ ਸੰਕਲਨ ਕਰਕੇ ਉਸ ਦੇ ਆਧਾਰ ਤੇ ਵੱਖ ਵੱਖ ਸਾਰਣੀਆਂ ਤਿਆਰ ਕਰਨਾ ਹੈ। ਡੈਟਾ ਪ੍ਰੋਸੈਸਿੰਗ/ਟੈਬੂਲੇਸ਼ਨ ਦਾ ਕੰਮ ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ(ਐਨ.ਐਸ.ਐਸ.ਓ.) ਭਾਰਤ ਸਰਕਾਰ, ਨਵੀਂ ਦਿੱਲੀ ਵੱਲੋ ਦਿੱਤੀ ਗਈ ਵਿਧੀ ਅਤੇ ਟੈਬੂਲੇਸ਼ਨ ਪਲਾਨ ਅਨੁਸਾਰ ਤਿਆਰ ਕੀਤਾ ਜਾਂਦਾ ਹੈ।

**ਸਾਲ 2013–14 ਦੌਰਾਨ ਕੀਤਾ ਕੰਮ:-**

1. ਰਾਸ਼ਟਰੀ ਨਮੂਨਾ ਸਰਵੇਖਣ ਦੇ 70 ਵੇਂ ਦੌਰ ਦੇ 35 ਸੈਂਪਲਾਂ ਦੀ ਡੈਟਾ ਐਂਟਰੀ ਕੀਤੀ ਗਈ।
2. 69ਵੇਂ ਦੌਰ ਦੇ 180 ਸੈਂਪਲਾਂ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਕੀਤੀ ਗਈ।
3. 68 ਵੇ ਦੌਰ ਦੇ 75 ਸੈਂਪਲਾਂ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਕੀਤੀ ਗਈ।
4. 66 ਵੇ ਦੌਰ ਲਈ ਕੰਜਿਊਮਰ ਐਕਸਪੈਂਡੀਚਰ ਸਬੰਧੀ ਰਿਪੋਰਟ ਤਿਆਰ ਕੀਤੀ ਗਈ।
5. 71 ਵੇ ਦੌਰ ਦੀ ਡੈਟਾ ਐਂਟਰੀ ਸਬੰਧੀ ਦਿੱਲੀ ਵਿਖੇ ਹੋਈ ਟਰੇਨਿੰਗ ਵਰਕਸ਼ਾਪ ਡਾਇਰੈਕਟਰ, ਡਿਪਟੀ ਈ.ਐਸ ਏ.ਅਤੇ ਦੋ ਹੋਰ ਕਰਮਚਾਰੀਆਂ ਵਲੋਂ ਅਟੈਂਡ ਕੀਤੀ ਗਈ।

## 12. ਆਰਟ

ਆਰਟ ਸ਼ਾਖਾ ਦਾ ਮੁੱਖ ਕੰਮ ਵਿਭਾਗੀ ਪਬਲੀਕੇਸ਼ਨਾਂ/ਰਿਪੋਰਟਾਂ/ਫੋਲਡਰਾਂ ਅਤੇ ਬਰੋਸਰਾਂ ਦੇ ਟਾਈਟਲ ਡਿਜ਼ਾਇਨ, ਚਾਰਟਸ, ਪਿਕਟੋਗਰਾਮ, ਮੈਪਸ ਅਤੇ ਹੋਰ ਲੋੜੀਦੇ ਕੰਮ ਤਿਆਰ ਕਰਨਾ ਹੁੰਦਾ ਹੈ।

**ਸਾਲ 2013–14 ਦੌਰਾਨ ਕੀਤਾ ਕੰਮ:-**

ਸਾਲ 2013–14 ਵਿੱਚ ਆਰਟ ਸ਼ਾਖਾ ਨੇ ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਦੀਆਂ ਪਬਲੀਕੇਸ਼ਨਾਂ/ਫੋਲਡਰਜ ਅਤੇ ਬਰੋਸ਼ਰ ਲਈ ਭੂਗੋਲਿਕ ਨਕਸ਼ੇ, ਚਾਰਟਸ ,ਪਿਕਟੋਗਰਾਮਜ ਅਤੇ ਹੋਰ ਲੋੜੀਦੇ ਕੰਮ ਤਿਆਰ ਕੀਤੇ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਅੰਕੜਾ ਐਟਲਸ ਪੰਜਾਬ -2012
2. ਉਚੇਰੇ ਅਫਸਰਾਂ ਦੇ ਕਮਰਿਆਂ ਵਿੱਚ ਮਲਟੀ ਕਲਰਡ ਡਿਸਪਲੇਇੰਗ ਚਾਰਟਸ।

ਤਿੰਨ ਰੰਗਦਾਰ ਟਾਈਟਲ ਡਿਜਾਈਨ ਪਬਲੀਕੇਸਨਾਂ ਵਿੱਚ ਛੱਪਣ ਲਈ ਅਤੇ 23 ਮਲਟੀਕਲਰ ਡਿਸਪਲੇਇੰਗ ਚਾਰਟਸ ਅਫਸਰਾਂ ਦੀ ਜਰੂਰਤ ਨੂੰ ਮੁੱਖ ਰੱਖਦੇ ਹੋਏ ਬਣਾਏ ਗਏ । ਇਸ ਤੋ ਇਲਾਵਾ ਆਰਟ ਸਾਖਾ ਦੇ ਕਰਮਚਾਰੀਆਂ ਵਲੋ ਸਮੇ ਸਮੇ ਤੇ ਸਰਕਾਰੀ ਪ੍ਰੈਸ ਯੂ.ਟੀ.ਚੰਡੀਗੜ੍ਹ ਅਤੇ ਪੰਜਾਬ ਸਰਕਾਰ ਪ੍ਰੈਸ ਮੋਹਾਲੀ ਵਿੱਚ ਛੱਪ ਰਹੀਆਂ ਪਬਲੀਕੇਸਨਾਂ ਦੇ ਚਾਰਟਸ, ਨਕਸੇ, ਟਾਈਟਲ ਆਦਿ ਦੇ ਛੱਪਣ ਸਮੇ ਕੰਮ ਦੀ ਸੁਪਰਵੀਜਨ ਕੀਤੀ ਗਈ ਤਾਂ ਕਿ ਕੰਮ ਅਪਰੂਵਡ ਡਿਜਾਇਨ ਅਨੁਸਾਰ ਨਿਰਧਾਰਿਤ ਸਮੇ ਤੇ ਹੋ ਸਕੇ ।

## 13. ਆਰਥਿਕ ਗਣਨਾ

ਛੇਵੀਂ ਆਰਥਿਕ ਗਣਨਾ 2012-13 ਕੇਂਦਰੀ ਅੰਕੜਾ ਸੰਗਠਨ, ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰਾਲਾ ਭਾਰਤ ਸਰਕਾਰ ਵਲੋਂ ਪੰਜਾਬ ਸਮੇਤ ਸਾਰੇ ਦੇਸ਼ ਵਿੱਚ ਕਰਵਾਈ ਜਾ ਰਹੀ ਹੈ । ਇਹ 100 ਪ੍ਰਤੀਸ਼ਤ ਕੇਂਦਰੀ ਸਪਾਂਸਰਡ ਸਕੀਮ ਹੈ । ਅਰਥ ਅਤੇ ਅੰਕੜਾ ਸੰਗਠਨ, ਪੰਜਾਬ, ਯੋਜਨਾਬੰਦੀ ਵਿਭਾਗ ਰਾਜ ਵਿੱਚ ਸਕੀਮ ਲਾਗੂ ਕਰਨ ਲਈ ਨੋਡਲ ਏਜੰਸੀ ਹੈ ।

**ਸਾਲ 2013-14 ਦੌਰਾਨ ਕੀਤਾ ਕੰਮ:-**

1. ਛੇਵੀਂ ਆਰਥਿਕ ਗਣਨਾ ਦਾ ਖੇਤਰੀ ਕੰਮ ਸਾਰੇ ਜਿਲ੍ਹਿਆਂ ਵਿੱਚ ਮੁਕੰਮਲ ਕੀਤਾ ਗਿਆ ।
2. ਮੁੱਖ ਦਫਤਰ ਵਲੋ ਨਿਯੁਕਤ ਕੀਤੇ ਰੀਜਨਲ ਅਫਸਰਾਂ ਨੂੰ ਤੁਰੰਤ ਨਤੀਜਿਆਂ ਦੀ ਰੈਂਡੱਮ ਚੈਕਿੰਗ ਕਰਨ ਅਤੇ ਚੈਕਿੰਗ ਉਪਰੰਤ ਪਾਈਆਂ ਗਈਆਂ ਗਲਤੀਆਂ ਨੂੰ ਰੀਸਰਵੇ ਕਰਵਾਉਣ ਉਪਰੰਤ ਤੁਰੰਤ ਨਤੀਜਿਆਂ ਨੂੰ ਸੋਧਣ ਤੋ ਬਾਅਦ ਮੁੱਖ ਦਫਤਰ ਵਿਖੇ ਭੇਜਣ ਹਿੱਤ ਸਮੂਹ ਜਿ.ਅੰ.ਦ. ਨੂੰ ਆਦੇਸ ਦਿੱਤੇ ਗਏ । ਸੋਧੇ ਤੁਰੰਤ ਨਤੀਜੇ ਕੇਂਦਰੀ ਅੰਕੜਾ ਸੰਗਠਨ,ਨਵੀਂ ਦਿੱਲੀ ਭੇਜੇ ਗਏ ।
3. ਛੇਵੀਂ ਆਰਥਿਕ ਗਣਨਾ ਦੇ ਭਰੇ ਸ਼ਡਿਊਲਾਂ ਦੀ ਸਕਰੂਟਨੀ ਅਤੇ NIC coding ਦਾ ਕੰਮ ਮੁਕੰਮਲ ਕੀਤਾ ਗਿਆ ।
4. ਕੇਂਦਰੀ ਅੰਕੜਾ ਸੰਗਠਨ, ਨਵੀਂ ਦਿੱਲੀ ਵਲੋਂ ਸ਼ਡਿਊਲ 6 ਬੀ ਅਤੇ 6 ਸੀ ਦੀ ਡਾਟਾ ਐਂਟਰੀ ਸਾਫਟਵੇਅਰ ਸਬੰਧੀ ਟਰੇਨਿੰਗ ਵਿਭਾਗ ਦੇ ਮੁੱਖ ਦਫਤਰ ਦੇ ਕਰਮਚਾਰੀਆਂ ਨੂੰ ਦਿੱਤੀ ਗਈ ਅਤੇ ਬਾਅਦ ਵਿੱਚ ਇਹ ਟਰੇਨਿੰਗ ਰਾਜ ਦੇ ਸਮੂਹ ਅੰਕੜਾ ਦਫਤਰਾਂ ਦੇ ਸਬੰਧਤ ਕਰਮਚਾਰੀਆਂ ਨੂੰ ਦਿੱਤੀ ਗਈ ।
5. ਸ਼ਡਿਊਲ 6 ਏ ਦੀ ਸਕੈਨਿੰਗ ਦਾ ਕੰਮ ਜਿਲ੍ਹਾ ਪੱਧਰ ਤੇ ਕੀਤਾ ਗਿਆ ਅਤੇ ਮੁੱਖ ਦਫਤਰ, ਚੰਡੀਗੜ੍ਹ ਦੇ ਅਧਿਕਾਰੀਆਂ/ਕਰਮਚਾਰੀਆਂ ਵਲੋਂ ਚੈਕਿੰਗ ਦਾ ਕੰਮ ਕੀਤਾ ਗਿਆ ।
6. ਜਿਲ੍ਹਾ ਪੱਧਰ ਤੇ ਗਿਣਤੀਕਾਰਾਂ,ਸੁਪਰਵਾਈਜਰਾਂ, ਚਾਰਜ ਅਫਸਰਾਂ ਅਤੇ ਮਾਸਟਰ ਟਰੇਨਰਾਂ ਨੂੰ ਕੀਤੇ ਗਏ ਖੇਤਰੀ ਕੰਮ ਦੇ ਮਾਨਭੇਟਾ ਦੀ ਅਦਾਇਗੀ ਲਈ ਬਣਦੀ ਰਾਸ਼ੀ ਸਬੰਧਤ ਜਿਲ੍ਹਾ ਅੰਕੜਾ ਦਫਤਰਾਂ ਨੂੰ RTGS ਰਾਹੀ ਭਿਜਵਾਈ ਗਈ ।
7. ਛੇਵੀਂ ਆਰਥਿਕ ਗਣਨਾ ਦੇ ਭਰੇ ਗਏ ਸ਼ਡਿਊਲ 6 ਏ ਫਰੀਦਾਬਾਦ ਵਿਖੇ ਸਕੈਨਿੰਗ ਦੇ ਮੰਤਵ ਲਈ ਕੇਂਦਰੀ ਅੰਕੜਾ ਸੰਗਠਨ, ਨਵੀਂ ਦਿੱਲੀ ਵਲੋ ਪੰਜਾਬ ਦੇ 12 ਜਿਲ੍ਹਿਆਂ ਵਿੱਚੋ ਚੁੱਕ ਲਏ ਗਏ ਹਨ ।
8. ਸ਼ਡਿਊਲ 6 ਬੀ ਦੀ ਡਾਟਾ ਐਂਟਰੀ ਦਾ ਕੰਮ 18 ਜਿਲ੍ਹਿਆਂ ਵਿੱਚ ਮੁਕੰਮਲ ਹੋ ਗਿਆ ਹੈ ਅਤੇ ਸ਼ਡਿਊਲ 6 ਸੀ ਦੀ ਡਾਟਾ ਐਂਟਰੀ ਦਾ ਕੰਮ 13 ਜਿਲ੍ਹਿਆਂ ਵਿੱਚ ਮੁਕੰਮਲ ਹੋ ਗਿਆ ਹੈ ।
9. ਜਿਲ੍ਹਿਆਂ ਤੋ ਪ੍ਰਾਪਤ ਹੋਈਆਂ ਇਨਵੈਂਟਰੀ ਲਿਸਟਾਂ ਰਾਹੀ ਭੇਜੇ ਗਏ ਗਣਨਾ ਬਲਾਕਾਂ ਦਾ ਕੇਂਦਰੀ ਅੰਕੜਾ ਸੰਗਠਨ,ਨਵੀਂ ਦਿੱਲੀ ਦੁਆਰਾ ਭੇਜੇ ਗਏ ਬਲਾਕਾਂ ਦੀ ਡਾਇਰੈਕਟਰੀ ਨਾਲ ਮਿਲਾਨ ਕੀਤਾ ਗਿਆ । ਪੰਜਾਬ ਦੇ ਸਮੂਹ ਜਿਲ੍ਹਿਆਂ ਦੀ ਇਨਵੈਂਟਰੀ ਲਿਸਟ ਚੈਕ ਕਰਨ ਉਪਰੰਤ ਕੇਂਦਰੀ ਅੰਕੜਾ ਸੰਗਠਨ, ਨਵੀਂ ਦਿੱਲੀ ਨੂੰ ਸਕੈਨਿੰਗ ਦੇ ਮੰਤਵ ਲਈ ਭੇਜੀ ਗਈ ।
10. 11 ਜਿਲ੍ਹਿਆਂ ਦੇ ਸ਼ਡਿਊਲਾਂ ਦੀ ਸਕੈਨਿੰਗ ਦਾ ਕੰਮ ਫਰੀਦਾਬਾਦ ਸੈਂਟਰ ਵਿਖੇ ਮੁਕੰਮਲ ਹੋ ਗਿਆ ਹੈ। ਸਕੈਨਿੰਗ ਦੌਰਾਨ ਆਈਆਂ ਊਣਤਾਈਆਂ ਦੂਰ ਕੀਤੀਆਂ ਜਾ ਰਹੀਆਂ ਹਨ। ਸਬੰਧਤ ਜਿਲ੍ਹਾ ਅਧਿਕਾਰੀਆਂ ਨੂੰ ਊਣਤਾਈਆਂ ਹੱਲ ਕਰਨ ਲਈ ਸੂਚਿਤ ਕੀਤਾ ਗਿਆ ਹੈ ।

## 14. 20 ਨੁਕਾਤੀ ਪ੍ਰੋਗਰਾਮ

20 ਨੁਕਾਤੀ ਪ੍ਰੋਗਰਾਮ 1 ਅਪ੍ਰੈਲ, 2007 ਤੋਂ ਹੋਂਦ ਵਿੱਚ ਆਇਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਦਿਹਾਤੀ ਖੇਤਰ ਵਿੱਚ ਗਰੀਬੀ ਨਿਵਾਰਨ, ਰੋਜ਼ਗਾਰ ਦੇ ਮੌਕੇ ਪੈਦਾ ਕਰਨਾ, ਘਰਾਂ, ਸਿੱਖਿਆ, ਪਰਿਵਾਰ ਭਲਾਈ ਅਤੇ ਸਿਹਤ, ਵਾਤਾਵਰਨ ਦੀ ਸੰਭਾਲ ਅਤੇ ਦੂਜੀਆਂ ਸਕੀਮਾਂ ਜਿਹੜੀਆਂ ਕਿ ਰਹਿਣ ਸਹਿਣ ਤੇ ਪੱਧਰ ਨੂੰ ਉੱਚਾ ਚੁੱਕਣ ਨੂੰ ਲਾਗੂ ਕਰਨਾ ਹੈ। ਇਸ ਪ੍ਰੋਗਰਾਮ ਤਹਿਤ ਸਾਲਾਨਾ 65 ਆਈਟਮਾਂ ਦੀ ਮੋਨੀਟਰਿੰਗ ਕੀਤੀ ਜਾਂਦੀ ਹੈ ਜਿਸ ਵਿਚੋਂ ਕਿ ਮਹੀਨਾਵਾਰ 20 ਆਈਟਮਾਂ ਦੀ ਮੋਨੀਟਰਿੰਗ ਕੀਤੀ ਜਾਂਦੀ ਹੈ।

ਰਾਜ ਵਿੱਚ ਵੱਖ ਵੱਖ ਵਿਭਾਗਾਂ ਵਲੋਂ ਚਲਾਈਆਂ ਗਈਆਂ ਸਕੀਮਾਂ ਦੀ ਭੌਤਿਕ ਅਤੇ ਵਿੱਤੀ ਸੂਚਨਾ ਇਕੱਠੀ ਕਰਨ ਉਪਰੰਤ ਸਕਰੂਟਨੀ ਕਰਕੇ ਹਰ ਮਹੀਨੇ ਮਨਿਸਟਰੀ ਆਫ ਸਟੈਟਿਸਟਿਕਸ ਅਤੇ ਪ੍ਰੋਗਰਾਮ ਇੰਮਪਲੀਮੈਨਟੇਸਨ, ਭਾਰਤ ਸਰਕਾਰ ਨੂੰ ਭੇਜੀ ਜਾਂਦੀ ਹੈ। ਵਿੱਤੀ ਅਤੇ ਭੌਤਿਕ ਸੂਚਨਾ ਟੀ.ਪੀ.ਪੀ.-06 ਤਿਆਰ ਕੀਤੀ ਜਾਂਦੀ ਹੈ ਅਤੇ ਵਿਭਾਗ ਦੀ ਵੈਬਸਾਈਟ ਤੇ ਪਲੇਸ ਕੀਤੀ ਜਾਂਦੀ ਹੈ। ਇਸ ਪ੍ਰੋਗਰਾਮ ਨੂੰ ਹੋਰ ਪ੍ਰਭਾਵਸਾਲੀ ਤਰੀਕੇ ਨਾਲ ਲਾਗੂ ਕਰਨ ਲਈ ਰਾਜ ਪੱਧਰ, ਜਿਲ੍ਹਾ ਪੱਧਰ ਅਤੇ ਬਲਾਕ ਪੱਧਰ ਉਤੇ ਪਹਿਲਾ ਹੀ ਮੋਨੀਟ੍ਰਿੰਗ ਕਮੇਟੀਆਂ ਬਣਾਈਆਂ ਜਾ ਚੁੱਕੀਆਂ ਹਨ ।

**ਸਾਲ 2013–14 ਦੌਰਾਨ ਕੀਤਾ ਕੰਮ**

1. ਸਾਲ 2013–14ਵਿੱਚ ਮਹੀਨਾਵਾਰ ਪ੍ਰਗਤੀ ਰਿਪੋਟਾਂ ਵੱਖ ਵੱਖ ਸਬੰਧਤ ਵਿਭਾਗਾਂ ਤੋ ਇਕੱਤਰ ਕੀਤੀਆਂ ਗਈਆਂ ਅਤੇ ਸਕਰੂਟਨੀ ਕਰਕੇ ਮਨਿਸਟਰੀ ਆਫ ਸਟੇਟਿਸਟਿਕਸ ਅਤੇ ਪ੍ਰੋਗਰਾਮ ਇੰਪਲੀਮੈਂਨਟੇਸਨ,ਭਾਰਤ ਸਰਕਾਰ ਨੂੰ ਭੇਜੀਆ ਗਈਆ ।
2. 20 ਨੁਕਾਤੀ ਪ੍ਰੋਗਰਾਮ -2006 ਅਧੀਨ ਸਾਲ 2013-14 (ਅਪ੍ਰੈਲ ਤੋ ਦਸੰਬਰ) ਲਈ ਵਿੱਤੀ / ਭੌਤਿਕ ਅਤੇ ਮਹੀਨਾ ਵਾਰ ਪ੍ਰਗਤੀ ਰਿਪੋਰਟ ਤਿਆਰ ਕੀਤੀ ਅਤੇ ਵਿਭਾਗ ਦੀ ਵੈਬ ਸਾਈਟ ਤੇ ਪਲੇਸ ਕੀਤੀ ਗਈ ।
3. ਰਾਜ ਦੇ ਵੱਖ-ਵੱਖ ਵਿਭਾਗਾਂ ਦੁਆਰਾ ਲਾਗੂ ਕੀਤੀਆਂ ਜਾਂਦੀਆਂ ਸਕੀਮਾਂ ਦੀ ਸਾਲ 2013-14 (ਅਪ੍ਰੈਲ ਤੋ ਫਰਵਰੀ) ਮਹੀਨਾਵਾਰ ਪ੍ਰਗਤੀ ਰਿਪੋਰਟ ਵੀ ਵਿਭਾਗ ਦੀ ਵੈਬ ਸਾਈਟ ਤੇ ਪਲੇਸ ਕੀਤੀ ਗਈ ।
4. ਸਾਲ 2013-14 ਦੌਰਾਨ 20- ਨੁਕਾਤੀ ਪ੍ਰੋਗਰਾਮ-2006 ਲਈ ਆਰਥਿਕ ਸਲਾਹਕਾਰ ਜੀ ਦੀ ਰਾਜ ਦੇ ਵੱਖ-ਵੱਖ ਵਿਭਾਗਾਂ ਨਾਲ ਮੀਟਿੰਗ ਕਰਵਾਈ ਗਈ। ਇਸ ਮੀਟਿੰਗ ਵਿੱਚ 20-ਨੁਕਾਤੀ ਪ੍ਰੋਗਰਾਮ ਅਧੀਨ ਘੱਟ ਪ੍ਰਗਤੀ ਵਾਲੀਆਂ ਸਕੀਮਾਂ ਬਾਰੇ ਸਕੀਮਾਂ ਸਬੰਧੀ ਘੱਟ ਪ੍ਰਗਤੀ ਬਾਰੇ ਰਿਵਿਊ ਕੀਤਾ ਗਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਸਕੀਮਾਂ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਬਾਰੇ ਹਦਾਇਤਾਂ ਜਾਰੀ ਕੀਤੀਆਂ ਗਈਆਂ ।
5. 20- ਨੁਕਾਤੀ ਪ੍ਰੋਗਰਾਮ ਅਧੀਨ ਕਵਰ ਹੋ ਰਹੀਆਂ ਸਕੀਮਾਂ ਬਾਰੇ ਦੀ ਮੋਨੀਟਰਿੰਗ ਕਰਨ ਵਾਸਤੇ ਭਾਰਤ ਸਰਕਾਰ ਦੀਆਂ ਤਾਜਾ ਹਦਾਇਤਾਂ ਮੁਤਾਬਿਕ ਰਾਜ ਪੱਧਰ , ਜਿਲ੍ਹਾ ਪੱਧਰ ਅਤੇ ਬਲਾਕ ਪੱਧਰ ਤੇ ਮੋਨੀਟਰਿੰਗ ਕਮੇਟੀਆਂ ਗਠਿਤ ਕਰਨ ਸਬੰਧੀ ਕਾਰਵਾਈ ਕੀਤੀ ਗਈ ।
6. 20-ਨੁਕਾਤੀ ਪ੍ਰੋਗਰਾਮ -06 ਸਬੰਧੀ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਰੀਵਿਊ ਮੀਟਿੰਗ ਕਰਵਾਉਣ ਲਈ ਸਾਲ 2013-14 ਅਧੀਨ ਵੱਖ-ਵੱਖ ਸਕੀਮਾਂ ਦੀ ਪ੍ਰਗਤੀ ਰਿਪੋਰਟ ਤਿਆਰ ਕੀਤੀ ਗਈ ।
7. ਮਨਿਸਟਰੀ ਆਫ ਸਟੈਟਿਸਟਿਕਸ ਅਤੇ ਪ੍ਰੋਗਰਾਮ ਇੰਮਪਲੀਮੈਨਟੇਸਨ, ਭਾਰਤ ਸਰਕਾਰ ਵਲੋ 2012-13 ਦੀ ਸਲਾਨਾ ਦੀ ਸਲਾਨਾ ਰੀਵਿਊ ਮੀਟਿੰਗ ਲਈ ਸਾਲ 2012-13 ਅਤੇ ਮਹੀਨਾ ਅਪ੍ਰੈਲ ਤੋ ਦਸਬੰਰ 2013 ਤੱਕ ਦੀ ਵਿੱਤੀ / ਭੌਤਿਕ ਪ੍ਰਗਤੀ ਸਬੰਧੀ ਸਟੇਟਮੈਟ ਤਿਆਰ ਕੀਤੀ ਗਈ ।

## 15. ਮੈਂਬਰ ਆਫ਼ ਪਾਰਲੀਮੈਂਟ ਲੋਕਲ ਏਰੀਆ ਡਿਵੈਲਪਮੈਂਟ ਸਕੀਮ (ਐਮ.ਪੀ.ਲੈਡਜ਼)

ਇਸ ਸਕੀਮ ਤਹਿਤ ਹਰ ਇੱਕੋ ਸੰਸਦ ਨੂੰ ਹਰ ਸਾਲ 5.00 ਕਰੋੜ ਰੁਪਏ ਦਿੱਤੇ ਜਾਂਦੇ ਹਨ ਜਿਹੜੇ ਕਿ ਸੰਸਦਾਂ ਦੀ ਸਿਫਾਰਿਸ ਤੇ ਰਿਲੀਜ ਕੀਤੇ ਜਾਂਦੇ ਹਨ ਅਤੇ ਜਿਲ੍ਹਿਆਂ ਦੇ ਡਿਪਟੀ ਕਮਿਸਨਰਾਂ ਦੀ ਦੇਖ ਰੇਖ ਵਿੱਚ ਵਿਕਾਸ ਕੰਮਾਂ ਤੇ ਖਰਚ ਕੀਤੇ ਜਾਂਦੇ ਹਨ। ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਇਸ ਸਕੀਮ ਅਧੀਨ ਨੋਡਲ ਵਿਭਾਗ ਦੇ ਤੌਰ ਤੇ ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਅਤੇ ਮਨਿਸਟਰੀ ਆਫ ਸਟੈਟਿਸਟਿਕਸ ਅਤੇ ਪ੍ਰੋਗਰਾਮ ਇੰਪਲੀਮੈਂਟੇਸ਼ਨ ਭਾਰਤ ਸਰਕਾਰ ਨਾਲ ਸੰਪਰਕ ਬਣਾਈ ਰੱਖਦਾ ਹੈ।

**ਸਾਲ 2013-14 ਦੌਰਾਨ ਕੀਤਾ ਕੰਮ**

1. ਪੈਡਿੰਗ **ਕਿਸ਼ਤਾਂ ਰਲੀਜ਼ ਕਰਵਾਉਣ ਸਬੰਧੀ** : ਸਾਲ 2013-14 ਦੌਰਾਨ ਕੁੱਲ 43 ਕਿਸ਼ਤਾਂ ( 28 ਲੋਕ ਸਭਾ ਅਤੇ 15 ਰਾਜ ਸਭਾ ਮੈਬਰਾਂ ਲਈ) 104.50 ਕਰੋੜ ਰੁਪਏ ਦੀ ਰਾਸ਼ੀ ਮਾਨਯੋਗ 13 ਲੋਕ ਸਭਾ ਅਤੇ 7 ਰਾਜ ਸਭਾ ਮੈਬਰਾਂ ਲਈ ਭਾਰਤ ਸਰਕਾਰ ਤੋ ਜਾਰੀ ਕਰਵਾਈਆਂ ਗਈਆਂ ।
2. **ਮਹੀਨਾਵਾਰ ਪ੍ਰਗਤੀ ਰਿਪੋਰਟ** : ਰਾਜ ਵਿੱਚ ਐਮ.ਪੀ.ਲੈਡ ਸਕੀਮ ਤਹਿਤ ਭੌਤਿਕ ਅਤੇ ਵਿੱਤੀ ਪ੍ਰਗਤੀ ਸਬੰਧੀ ਮਹੀਨਾਵਾਰ ਪ੍ਰਗਤੀ ਰਿਪੋਰਟਾਂ ਸਮੂਹ ਨੋਡਲ ਜਿਲ੍ਹਿਆਂ ਤੋ ਇੱਕਤਰ ਕਰਕੇ ਕੰਪਾਈਲ ਕਰਨ ਉਪਰੰਤ ਵੈਬ ਸਾਈਟ ਤੇ ਅਪਲੋਡ ਕੀਤੀਆਂ ਗਈਆਂ ।
3. **ਸਾਫਟਵੇਅਰ ਤੇ ਕੰਮ :** ਮਿਤੀ 31-3-2014 ਤੱਕ 95.49% ਕੰਮ ਵੈਬ ਸਾਈਟ ਤੇ ਅਪਲੋਡ ਕੀਤਾ ।

4. ਮੀਟਿੰਗਾਂ :-

i) ਮਿਤੀ 10-8-2013 ਨੂੰ ਐਮ .ਪੀ.ਲੈਡਜ ਦੀ ਮੀਟਿੰਗ ਜੋ ਪ੍ਰਮੁੱਖ ਸਕੱਤਰ ਵਿੱਤ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਈ ਸੀ, ਦਾ ਏਜੰਡਾ ਤਿਆਰ ਕੀਤਾ ਗਿਆ ।

ii) ਮਿਤੀ 20-11-2013 ਨੂੰ ਨਵੀਂ ਦਿੱਲੀ ਵਿਖੇ ਹੋਈ ਰੀਵਿਊ ਮੀਟਿੰਗ ਲਈ ਪੈਰਾਵਾਈਜ ਏਜੰਡਾ ਨੋਟ ਤਿਆਰ ਕੀਤਾ ਗਿਆ ।

iii) ਐਮ. ਪੀ. ਲੈਡਜ ਸਕੀਮ ਅਧੀਨ ਤਿੰਨ ਰੀਵਿਊ ਮੀਟਿੰਗਾਂ ਜਿਨ੍ਹਾਂ ਵਿੱਚੋ ਇੱਕ ਮੀਟਿੰਗ 8-8-2013 ਨੂੰ ਸਕੱਤਰ ਯੋਜਨਾ ਜੀ ਦੀ ਪ੍ਰਧਾਨਗੀ ਹੇਠ ਅਤੇ ਦੋ ਮੀਟਿੰਗਾਂ ਮਿਤੀ 10-12-2013 ਅਤੇ 5-2-2014 ਨੂੰ ਆਰਥਿਕ ਸਲਾਹਕਾਰ ਜੀ ਦੀ ਪ੍ਰਧਾਨਗੀ ਹੇਠ ਕਰਵਾਈਆਂ ਗਈਆਂ , ਜਿਨ੍ਹਾਂ ਦੀ ਸਮੂਲੀਅਤ ਸਮੂਹ ਜਿਲ੍ਹਿਆਂ ਦੇ ਉਪ ਅਰਥ ਅਤੇ ਅੰਕੜਾ ਸਲਾਹਕਾਰਾਂ ਵਲੋ ਕੀਤੀ ਗਈ, ਲਈ ਏਜੰਡੇ ਤਿਆਰ ਕੀਤੇ ਗਏ ।

5.**ਸੀ.ਏ.ਜੀ. ਆਡਿਟ ਪੈਰਾ-2013-14**

ਪੈਡਿੰਗ ਸੀ.ਏ.ਜੀ. ਪੈਰ੍ਹਾ ਦਾ ਜਵਾਬ ਉਪ ਅਰਥ ਅਤੇ ਅੰਕੜਾ ਸਲਾਹਕਾਰ ਫਰੀਦਕੋਟ ਅਤੇ ਸਹੀਦ ਭਗਤ ਸਿੰਘ ਨਗਰ ਵਲੋ ਸਬੰਧਤ ਡਵੀਜਨਲ ਕਮਿਸਨਰਾਂ ਰਾਹੀਂ ਭਾਰਤ ਸਰਕਾਰ ਨੂੰ ਯੋਗ ਕਾਰਵਾਈ ਹਿੱਤ ਭੇਜੇ ਗਏ ।

6. **ਟਰੇਨਿੰਗਾਂ**

ਸਮੂਹ ਉਪ ਅਰਥ ਅਤੇ ਅੰਕੜਾ ਸਲਾਹਕਾਰ (ਜਿਲ੍ਹਾ ਪੱਧਰ) ਜੋ ਐਮ.ਪੀ.ਲੈਡਜ ਦੇ ਕੰਮ ਦੀ ਦੇਖ ਰੇਖ ਕਰਦੇ ਹਨ ਦੀ ਟ੍ਰੇਨਿੰਗ ਮਿਤੀ 31-5-2013 ਨੂੰ ਕਰਵਾਈ ਗਈ ,ਜਿਸ ਵਿੱਚ ਸ੍ਰੀ ਤਪਨ ਮਿਤਰਾ, ਡਿਪਟੀ ਸੈਕਟਰੀ ਭਾਰਤ ਸਰਕਾਰ (ਮੌਸਪੀ) ਵਲੋ ਭਾਰਤ ਸਰਕਾਰ ਦੇ ਪ੍ਰਤੀਨਿੱਧੀ ਵਜੋ ਟਰੇਨਿੰਗ ਦਿੱਤੀ ਗਈ ।

## 16. ਇੰਡੀਆ ਸਟੇਟਿਸਟੀਕਲ ਸਟਰੈਥਨਿੰਗ ਪ੍ਰੋਜੈਕਟ

**1. ਆਈ.ਐਸ.ਐਸ.ਪੀ.ਪ੍ਰੋਜੈਕਟ :** ਰੰਗਾਰਾਜਨ ਕਮਿਸਨ ਦੀ ਰਿਪੋਰਟ-2001 ਦੀਆਂ ਸਿਫਾਰਸਾਂ ਨੂੰ ਲਾਗੂ ਕਰਨ ਲਈ ਭਾਰਤ ਸਰਕਾਰ ਵੱਲੋ ਇਹ ਪ੍ਰੋਜੈਕਟ ਇੱਕ ਸੈਟਰਲੀ ਸਪਾਂਸਰਡ ਸਕੀਮ ਵਜੋ ਲਾਗੂ ਕੀਤਾ ਗਿਆ ਹੈ। ਇਸ ਪ੍ਰੋਜੈਕਟ ਦਾ ਮੁੱਖ ਮੰਤਵ ਰਾਜ ਦੇ ਅੰਕੜਾਤਮਕ ਢਾਂਚੇ ਨੂੰ ਮਜਬੂਤ ਕਰਨਾ ਹੈ। ਇਸ ਪ੍ਰੋਜੈਕਟ ਅਧੀਨ ਰਾਜ ਸਰਕਾਰ ਵੱਲੋ ਇਸ ਪ੍ਰੋਜੈਕਟ ਨੂੰ ਲਾਗੂ ਕਰਨ ਲਈ ਅੰਕੜੇ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰਾਲਾ (ਮੋਸਪੀ) , ਭਾਰਤ ਸਰਕਾਰ ਨਾਲ ਲੈਟਰ ਆਫ ਪਾਰਟੀਸੀਪੇਸਨ (LOP) ਹਸਤਾਖਰ ਕੀਤਾ ਗਿਆ ਹੈ। ਲੈਟਰ ਆਫ ਪਾਰਟੀਸੀਪੇਸਨ ਅਨੁਸਾਰ ਰਾਜਾਂ ਵੱਲੋ ਸਟੇਟ ਸਟੇਟਜੀਕ ਸਟੇਟਿਸਟੀਕਲ ਪਲਾਨ (SSSP) ਤਿਆਰ ਕੀਤੀ ਜਾਵੇਗੀ। ਇਸ ਦੇ ਅਧਾਰ ਤੇ ਭਾਰਤ ਸਰਕਾਰ ਰਾਜਾਂ ਦੇ ਅੰਕੜਾਤਮਕ ਢਾਂਚੇ ਵਿੱਚ ਸੁਧਾਰ ਕਰਨ ਲਈ ਗਰਾਂਟ ਪ੍ਰਦਾਨ ਕਰੇਗੀ।

**ਸਾਲ 2013-14 ਦੌਰਾਨ ਕੀਤਾ ਕੰਮ**

ਆਈ.ਐਸ.ਐਸ. ਪ੍ਰੋਜੈਕਟ ਅਧੀਨ SSSP ਤਿਆਰ ਕਰਕੇ ਭਾਰਤ ਸਰਕਾਰ ਨੂੰ ਮਿਤੀ 2-3-2012 ਨੂੰ ਪ੍ਰਵਾਨਗੀ ਅਤੇ ਅਗਲੇਰੀ ਕਾਰਵਾਈ ਲਈ ਭੇਜੀ ਗਈ ਸੀ। ਸਾਲ 2013-14 ਦੌਰਾਨ ਆਈ.ਐਸ.ਐਸ.ਪੀ. ਸਾਖਾ ਇਸ ਸਬੰਧੀ ਲਗਾਤਾਰ ਮੋਸਪੀ , ਭਾਰਤ ਸਰਕਾਰ ਦੇ ਸੰਪਰਕ ਵਿੱਚ ਰਹੀ ਹੈ।

### 2. 13ਵੇ ਵਿੱਤ ਕਮਿਸਨ ਦੀ ਗਰਾਂਟ

13 ਵੇ ਵਿੱਤ ਕਮਿਸਨ ਨੇ ਰਾਜ ਅਤੇ ਜਿਲ੍ਹਾ ਪੱਧਰ ਤੇ ਅੰਕੜਾਤਤਕ ਢਾਂਚੇ ਦੇ ਸੁਧਾਰ ਲਈ 20.00 ਕਰੋੜ ਰੁਪਏ ਦੀ ਗਰਾਂਟ ਦੀ ਸਿਫਾਰਸ ਕੀਤੀ ਹੈ।ਇਸ ਗਰਾਂਟ ਅਧੀਨ ਹੇਠ ਲਿਖੇ 5 ਮਾਈਲਸਟੋਨਜ ਨਿਰਧਾਰਤ ਕੀਤੇ ਗਏ ਹਨ ਜੋ ਕਿ ਗਰਾਂਟ ਪੀਰੀਅਡ 2010-15 ਦੌਰਾਨ ਪ੍ਰਾਪਤ ਕਰਨੇ ਹਨ:-

ੳ) ਬਿਜਨਸ ਰਜਿਸਟਰ ਤਿਆਰ ਅਤੇ ਮੇਨਟੇਨ ਕਰਨਾ ।

ਅ) ਜਿਲ੍ਹਿਆਂ ਅਤੇ ਰਾਜ ਹੈਡ ਕੁਆਟਰ ਵਿਚਾਲੇ ਨੈਟਵਰਕ ਕੁਨੈਕਟੀਵਿਟੀ ਪ੍ਰਦਾਨ ਕਰਨਾ ।

ੲ) ਸਥਾਨਕ ਸੰਸਥਾਵਾਂ ਦੇ ਲੇਖੇ ਤਿਆਰ ਕਰਨਾ ।

ਸ) ਖੇਤੀਬਾੜੀ ਗਤੀਵਿਧੀਆਂ ਸਬੰਧੀ ਡੈਟਾ ਇੱਕਤਰ ਕਰਨਾ ।

ਹ) ਕੇਂਦਰੀ ਅਤੇ ਰਾਜ ਦੇ ਨਮੂਨਾ ਸਰਵੇਖਣ ਡੈਟੇ ਦੀ ਪੂਲਿੰਗ ਕਰਨਾ ।

**ਸਾਲ 2013-14 ਦੌਰਾਨ ਕੀਤਾ ਕੰਮ**

ਸਾਲ 2013-14 ਦੌਰਾਨ ਇਸ ਗਰਾਂਟ ਅਧੀਨ 8.00 ਕਰੋੜ ਰੁਪਏ ਦੀ ਰਾਸ਼ੀ ਕੇਂਦਰ ਸਰਕਾਰ ਤੋਂ ਇਸ ਵਿਭਾਗ ਨੂੰ ਪ੍ਰਾਪਤ ਹੋਈ ਇਸ ਵਿੱਚੋਂ ਮਿਤੀ 31-3-2014 ਤੱਕ 527.86 ਲੱਖ ਰੁਪਏ ਦੀ ਰਾਸ਼ੀ ਖਰਚ ਕੀਤੀ ਗਈ ਜਿਸ ਵਿੱਚੋਂ 313.86 ਲੱਖ ਰੁਪਏ ਦੀ ਰਾਸ਼ੀ ਸਾਲ 2013-14 ਦੌਰਾਨ ਖਰਚ ਕੀਤੀ ਗਈ । ਇਸ ਗਰਾਂਟ ਦੇ ਨਿਰਧਾਰਤ ਮਾਇਲਸਟੋਨ ਵੀ ਸਾਲ ਦੌਰਾਨ ਪੂਰੇ ਕੀਤੇ ਗਏ ।

3.**ਕੁਲੈਕਸ਼ਨ ਆਫ ਸਟੇਟਿਸਟਿਕਸ ਐਕਟ-2008**

ਇਹ ਐਕਟ ਸਰਕਾਰੀ ਅੰਕੜਿਆਂ ਦੀ ਭਰੋਸੇਯੋਗਤਾ ਅਤੇ ਸਮਾਂਬੱਧਤਾ ਵਿੱਚ ਸੁਧਾਰ ਹਿੱਤ 6 ਜੂਨ,2010 ਨੂੰ ਭਾਰਤ ਸਰਕਾਰ ਵੱਲੋਂ ਲਾਗੂ ਕੀਤਾ ਗਿਆ ਹੈ। ਇਸ ਐਕਟ ਤੋਂ ਪਹਿਲਾਂ ਕੁਝ ਐਕਟ ਸਨ ਜਿਵੇਂ ਕਿ ਲੇਬਰ ਐਕਟ,ਜਨਮ ਅਤੇ ਮੌਤ ਦਰਜ ਕਰਨ ਬਾਰੇ ਐਕਟ ਅਤੇ ਜਨਗਣਨਾ ਐਕਟ ਆਦਿ, ਜਿਨ੍ਹਾਂ ਤਹਿਤ ਵਿਸ਼ੇਸ਼ ਅੰਕੜੇ ਹੀ ਇੱਕਤਰ ਕੀਤੇ ਜਾਂਦੇ ਹਨ। ਇਹ ਐਕਟ ਸਭ ਤਰ੍ਹਾਂ ਦੇ ਅੰਕੜਿਆਂ ਨੂੰ ਕਵਰ ਨਹੀਂ ਕਰਦੇ ਸਨ। ਕੁਲੈਕਸ਼ਨ ਆਫ ਸਟੇਟਿਸਟਿਕਸ ਐਕਟ-2008 ਸਾਰੇ ਕਿਸਮ ਦੇ ਅੰਕੜਿਆਂ ਨੂੰ ਕਵਰ ਕਰਦਾ ਹੈ ।ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੰ:17255 ਮਿਤੀ 14-10-2011 ਰਾਹੀਂ ਇਸ ਐਕਟ ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਅਤੇ ਕੰਮ ਨਿਪਟਾਉਣ ਹਿੱਤ ਆਰਥਿਕ ਸਲਾਹਕਾਰ, ਪੰਜਾਬ ਸਰਕਾਰ ਨੂੰ ਨੋਡਲ ਅਫਸਰ ਬਣਾਇਆ ਗਿਆ ਹੈ ।

**ਸਾਲ 2013-14 ਦੌਰਾਨ ਕੀਤਾ ਕੰਮ**

'ਕੁਲੈਕਸ਼ਨ ਆਫ ਸਟੈਟਿਸਟਿਕਸ ਐਕਟ -2008 ਸਬੰਧੀ ਲੋੜੀਂਦੀ ਸੂਚਨਾ ਤਿਆਰ ਕਰਕੇ ਮੌਸਪੀ , ਭਾਰਤ ਸਰਕਾਰ ਨੂੰ ਭੇਜੀ ਗਈ ।

4. **ਨੈਸ਼ਨਲ ਸਟੈਟਿਸਟੀਕਲ ਕਮਿਸ਼ਨ :**

ਸਰਕਾਰੀ ਅੰਕੜਾਤਮਕ ਢਾਂਚੇ ਨੂੰ ਮਜਬੂਤ ਕਰਨ ਅਤੇ ਸਰਕਾਰੀ ਅੰਕੜਿਆਂ ਦੀ ਸੁੰਤਤਰਤਾ ਅਤੇ ਇਹਨਾਂ ਵਿੱਚ ਲੋਕ ਵਿਸ਼ਵਾਸ਼ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਸਰਕਾਰ ਸੰਵਿਧਾਨਿਕ ਨੈਸ਼ਨਲ ਸਟੈਟਿਸਟੀਕਲ ਕਮਿਸ਼ਨ ਬਣਾਉਣ ਦੀ ਪ੍ਰਕ੍ਰਿਆ ਅਧੀਨ ਹੈ। ਅੰਤਰਿਮ ਉਪਰਾਲੇ ਦੇ ਤੌਰ ਤੇ ਸਰਕਾਰੀ ਰੈਜ਼ੂਲੇਸ਼ਨ ਦੇ ਅਧਾਰ ਤੇ ਭਾਰਤ ਸਰਕਾਰ ਨੇ ਪਹਿਲਾਂ ਹੀ ਨੈਸ਼ਨਲ ਸਟੈਟਿਸਟੀਕਲ ਕਮਿਸ਼ਨ ਦਾ ਗਠਨ ਕੀਤਾ ਹੈ। ਇਹ ਕਮਿਸ਼ਨ ਸਲਾਨਾ ਰਿਪੋਟ ਜਾਰੀ ਕਰਦਾ ਹੈ ਜਿਸ ਵਿੱਚ ਰਾਜਾਂ/ ਯੂ.ਟੀ ਨਾਲ ਸਬੰਧਤ ਸਿਫਾਰਸ਼ਾਂ ਨੂੰ ਰਾਜਾਂ ਅਤੇ ਯੂ.ਟੀਜ ਨੂੰ ਭੇਜਿਆ ਜਾਂਦਾ ਹੈ ਤੇ ਉਹਨਾਂ ਤੇ ਟਿੱਪਣੀਆ ਮੰਗੀਆਂ ਜਾਂਦੀਆਂ ਹਨ।

**ਸਾਲ 2013-14 ਦੌਰਾਨ ਕੀਤਾ ਕੰਮ**

ਨੈਸ਼ਨਲ ਸਟੈਟਿਸਟਿਕਸ ਕਮਿਸ਼ਨ ਸਬੰਧੀ ਲੋੜੀਂਦੀ ਸੂਚਨਾ ਤਿਆਰ ਕਰਕੇ ਮੌਸਪੀ , ਭਾਰਤ ਸਰਕਾਰ ਨੂੰ ਭੇਜੀ ਗਈ ।

## ਜ਼ਿਲ੍ਹਾ ਅੰਕੜਾ ਦਫਤਰ

ਜ਼ਿਲ੍ਹਾ ਅੰਕੜਾ ਦਫਤਰਾਂ ਦਾ ਕੰਮ ਉਪ ਅਰਥ ਅਤੇ ਅੰਕੜਾ ਸਲਾਹਕਾਰ ਦੀ ਦੇਖ ਰੇਖ ਅਧੀਨ ਹੁੰਦਾ ਹੈ। ਇਹ ਦਫਤਰ ਮੁੱਢਲੇ ਅਤੇ ਸੈਕੰਡਰੀ ਡੈਟੇ ਨੂੰ ਸੰਗ੍ਰਹਿ ਅਤੇ ਸੰਕਲਨ ਕਰਨ ਵਿੱਚ ਮੱਦਦ ਕਰਦੇ ਹਨ। ਇਹ ਦਫਤਰ ਜ਼ਿਲ੍ਹਾ ਪੱਧਰ ਤੇਂ ਅਲੱਗ ਅਲੱਗ ਵਿਭਾਗਾਂ ਦੀਆਂ ਅੰਕੜਾਤਮਿਕ ਗਤੀਵਿਧੀਆਂ ਸਬੰਧੀ ਤਾਲਮੇਲ ਰੱਖਦੇ ਹਨ। ਨਵੇਂ ਢਾਂਚੇ ਅਨੁਸਾਰ ਵਿਕੇਂਦ੍ਰਿਤ ਯੋਜਨਾ ਸ਼ੁਰੂ ਹੋਣ ਕਾਰਨ ਉਪ ਅਰਥ ਅਤੇ ਅੰਕੜਾ ਸਲਾਹਕਾਰ ਕਮ ਵਧੀਕ ਸਕੱਤਰ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਜ਼ਿਲ੍ਹਾ ਯੋਜਨਾ ਸਕੀਮਾਂ ਬਨਾਉਣ, ਲਾਗੂ ਕਰਨ ਅਤੇ ਮੋਨੀਟਰ ਕਰਨ ਵਿਚ ਮੁਕੰਮਲ ਯੋਗਦਾਨ ਪਾਉਂਦੇ ਹਨ ।

ਰਾਜ ਵਿੱਚ ਵਿਭਾਗ ਐਮ.ਪੀ. ਲੈਡਜ ਸਕੀਮ ਲਈ ਨੋਡਲ ਏਜੰਸੀ ਵਜੋਂ ਕੰਮ ਕਰ ਰਿਹਾ ਹੈ ਅਤੇ ਜਿਲ੍ਹਾ ਅੰਕੜਾ ਦਫਤਰ ਜਿਲ੍ਹਾ ਪੱਧਰ ਤੇ ਸਕੀਮ ਦੀ ਸੁਪਰਵੀਜਨ ਅਤੇ ਕੁਆਰਡੀਨੇਸ਼ਨ ਦਾ ਕੰਮ ਕਰਦੇ ਹਨ । ਇਸ ਕੰਮ ਲਈ ਜਿਲ੍ਹਿਆਂ ਵਲੋਂ ਆਪਣੇ ਡਿਪਟੀ ਕਮਿਸ਼ਨਰਾਂ ਨਾਲ ਵੀ ਤਾਲਮੇਲ ਰਖਿਆ ਜਾਂਦਾ ਹੈ ।

# ਸਾਲ 2013-14 ਦੌਰਾਨ ਤਿਆਰ ਕੀਤੀਆਂ ਪ੍ਰਕਾਸ਼ਨਾਂ/ਰਿਪੋਰਟਾਂ ਦੀ ਲਿਸਟ ।

1. ਪੰਜਾਬ ਦੀ ਅੰਕੜਾ ਐਟਲਸ ਸਾਲ - 2012
2. ਪੰਜਾਬ ਐਟ ਏ ਗਲਾਂਸ (ਜ਼ਿਲ੍ਹਾਵਾਰ) ਸਾਲ -2012
3. ਪਿੰਡਾਂ ਦੀ ਡਾਇਰੈਕਟਰੀ ਸਾਲ 2011-12
4. ਕ੍ਰਿਟੀਕਲ ਇਕਨਾਮਿਕ ਇੰਡੀਕੇਟਰਜ਼ ਪੰਜਾਬ ਬਨਾਮ ਭਾਰਤ 2010-11
5. ਪੰਜਾਬ ਵਿੱਚ ਨਗਰਪਾਲਿਕਾ ਬੱਜਟ ਦੀ ਆਰਥਿਕ ਅਤੇ ਕ੍ਰਿਆਤਮਿਕ ਸ੍ਰੇਣੀ ਵੰਡ 2011-12
6. ਰਾਜ ਵਿੱਤ: ਤੁਲਨਾਤਮਕ ਰੂਪ ਵਿੱਚ ਸਾਲ 2011–12
7. ਪੰਜਾਬ ਸਰਕਾਰ ਦੇ ਬੱਜਟ ਦੀ ਆਰਥਿਕ ਅਤੇ ਪ੍ਰਯੋਜਨ ਸ੍ਰੇਣੀ ਵੰਡ ਸਾਲ 2012–13
8. ਪੰਜਾਬ ਸਰਕਾਰ ਦੇ ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ 31-3-2013
9. ਨਗਰ ਪਾਲਿਕਾ ਅੰਕੜਾ ਪੁਸਤਕ ਸਾਲ 2010-11
10. ਪੰਜਾਬ ਦੇ ਊਰਜਾ ਸਬੰਧੀ ਅੰਕੜੇ ਸਾਲ 2009-10 ਅਤੇ 2010-11
11. ਜਿਲ੍ਹੇਵਾਰ ਘਰੇਲੂ ਉਤਪਾਦਨ ਅਨੁਮਾਨ ਸਾਲ 2009-10 ਅਤੇ 2010-11
12. ਪੰਜਾਬ ਦੇ ਘਰੇਲੂ ਰਾਜ ਉਤਪਾਦਨ ਬੈਕ ਸੀਰੀਜ (1970-71 ਤੋਂ 2003-04)
13. ਘਰੇਲੂ ਰਾਜ ਉਤਪਾਦਨ ਦੇ ਡਿਸਐਗਰੀਗੇਟ ਦੀ ਰਿਪੋਰਟ ( 2004-05 ਤੋਂ 2010-11)
14. ਪੰਜਾਬ ਦੀਆਂ ਜਿਲ੍ਹਾਵਾਰ ਮੁੱਖ ਫਸਲਾਂ ( ਜੂਨ 2010 ਤੋਂ ਮਈ 2011)
15. ਪੰਜਾਬ ਦੇ ਲਿੰਗਵਾਰ ਅੰਕੜੇ 2012.
16. ਸਥਾਨਕ ਵਿਕਾਸ ਤੇ ਅਧਾਰਿਤ ਅੰਕੜੇ (ਦੂਜਾ ਫੇਜ ਪੇਡੂ ਰਕਬਾ) ।

## ਸਟਾਫ ਸਮੱਰਥਾ

### ਮੰਨਜ਼ੂਰਸ਼ੁਦਾ ਅਸਾਮੀਆਂ ਦੀ ਸਮੱਰਥਾ (31-3-2014 ਤੱਕ)

| ਸਟਾਫ ਦੀ ਸ੍ਰੇਣੀ | 2011-12 | 2012-13 | 2013-14 |
|---|---|---|---|
| 1 | 2 | 3 | 4 |
| ਗਰੁੱਪ-ਏ | 80 | 93 | 94 |
| ਗਰੁੱਪ-ਬੀ | 260 | 246 | 251 |
| ਗਰੁੱਪ-ਸੀ | 371 | 378 | 380 |
| ਗਰੁੱਪ-ਡੀ | 104 | 102 | 104 |
| ਜੋੜ | **815** | **819** | **829** |

II ਕੁੱਲ ਭਰੀਆਂ ਅਸਾਮੀਆਂ ਅਤੇ ਅਨੁਸੂਚਿਤ ਜਾਤੀਆਂ/ ਪਛੜੀਆਂ ਸ੍ਰੇਣੀਆਂ ਦੇ ਕਰਮਚਾਰੀ

| ਸਟਾਫ ਦੀ ਸ੍ਰੇਣੀ | ਕੁਲ ਭਰੀਆਂ ਅਸਾਮੀਆਂ | ਅਨੁਸੂਚਿਤ ਜਾਤੀਆਂ ਦੇ ਕਰਮਚਾਰੀਆਂ ਦੀ ਗਿਣਤੀ | ਪੱਛੜੀਆਂ ਸ੍ਰੇਣੀਆਂ ਦੇ ਕਰਮਚਾਰੀਆਂ ਦੀ ਗਿਣਤੀ | ਪ੍ਰਤੀਸ਼ਤਤਾ | |
|---|---|---|---|---|---|
| | | | | ਅਨੁਸੂਚਿਤ ਜਾਤੀਆਂ | ਪੱਛੜੀਆਂ ਜਾਤੀਆਂ |
| 1 | 2 | 3 | 4 | 5 | 6 |
| ਗਰੁੱਪ-ਏ | 41 | 13 | 0 | 31.71 | - |
| ਗਰੁੱਪ-ਬੀ | 84 | 24 | 8 | 28.57 | 9.52 |
| ਗਰੁੱਪ-ਸੀ | 177 | 32 | 16 | 18.08 | 9.04 |
| ਗਰੁੱਪ-ਡੀ | 59 | 27 | 5 | 45.76 | 8.47 |
| ਜੋੜ | **361** | **96** | **29** | **26.59** | **8.03** |

## 31-3-2014 ਤੱਕ ਅਸਾਮੀਵਾਰ ਸਟਾਫ ਦਾ ਵੇਰਵਾ

| ਅਸਾਮੀ ਦਾ ਨਾਂ/ਆਹੁੱਦਾ | ਮੰਨਜੂਰਸੁਦਾ ਅਸਾਮੀਆਂ | | | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|---|
| | ਮੁੱਖ ਦਫਤਰ | ਜ਼ਿਲ੍ਹਾ ਪੱਧਰ | ਕੁੱਲ | | |
| 1 | 2 | 3 | 4 | 5 | 6 |
| **ਗਰੁੱਪ ਏ ਅਸਾਮੀਆ** | | | | | |
| (i) ਆਰਥਿਕ ਸਲਾਹਕਾਰ | 1 | - | 1 | 1 | - |
| (ii) ਡਾਇਰੈਕਟਰ | 2 | - | 2 | 2 | - |
| (iii) ਮੀਤ ਡਾਇਰੈਕਟਰ | 3 | - | 3 | 3 | - |
| (iv) ਉਪ ਅਰਥ ਅਤੇ ਅੰਕੜਾ ਸਲਾਹਕਾਰ | 5 | 22 | 27 | 15 | 12 |
| (v) ਖੋਜ ਅਫਸਰ | 22 | 22 | 44 | 15 | 29 |
| (vi) ਸੁਪਰਡੰਟ ਗ੍ਰੇਡ-1 | 1 | - | 1 | - | 1 |
| (vii) ਜ਼ਿਲ੍ਹਾ ਅੰਕੜਾ ਅਫਸਰ | - | 16 | 16 | 5 | 11 |
| **ਉਪ ਜੋੜ ਗਰੁੱਪ-ਏ ਅਸਾਮੀਆਂ (i- vii)** | **34** | **60** | **94** | **41** | **53** |
| **ਗਰੁੱਪ-ਬੀ ਅਸਾਮੀਆਂ** | | | | | |
| (i) ਸਹਾਇਕ ਖੋਜ ਅਫਸਰ | 58 | 63 | 121 | 9 | 112 |
| (ii) ਸੀਨੀਅਰ ਆਰਟਿਸਟ | 1 | - | 1 | - | 1 |
| (iii) ਡਰਾਫਟਸਮੈਨ | 2 | - | 2 | 2 | - |
| (iv) ਸੁਪਰਡੰਟ ਗ੍ਰੇਡ-II | 2 | - | 2 | 2 | - |
| (v) ਅੰਕੜਾ ਸਹਾਇਕ | 33 | 61 | 94 | 45 | 49 |
| (vi) ਸੀਨੀਅਰ ਸਹਾਇਕ | 13 | 14 | 27 | 23 | 4 |
| (vii) ਸੀਨੀਅਰ ਸਕੇਲ ਸਟੈਨੋਗ੍ਰਾਫਰ | 4 | - | 4 | 3 | 1 |
| **ਉਪ ਜੋੜ ਗਰੁੱਪ-ਬੀ ਅਸਾਮੀਆਂ (i-ix)** | **113** | **138** | **251** | **84** | **167** |
| **ਗਰੁੱਪ-ਸੀ ਅਸਾਮੀਆਂ** | | | | | |
| (i) ਲਾਇਬ੍ਰੇਰੀਅਨ | 1 | - | 1 | - | 1 |
| (ii) ਜੂਨੀਅਰ ਡਰਾਫਟਸ ਮੈਨ | 1 | - | 1 | - | 1 |
| (iii) ਜੂਨੀਅਰ ਸਕੇਲ ਸਟੈਨੋਗ੍ਰਾਫਰ | 11 | - | 11 | 5 | 6 |
| (iv) ਸਟੈਨੋ ਟਾਈਪਿਸਟ | 23 | 31 | 54 | 12 | 42 |
| (v) ਜੂਨੀਅਰ ਸਹਾਇਕ/ਕਲਰਕ | 16 | 49 | 65 | 49 | 16 |
| (vi) ਇਨਵੈਸਟੀਗੇਟਰ | 54 | 152 | 206 | 93 | 113 |
| (vii) ਡੈਟਾ ਐਂਟਰੀ ਉਪਰੇਟਰ | - | 31 | 31 | 12 | 19 |
| (viii) ਡਰਾਈਵਰ, | 3 | 7 | 10 | 6 | 4 |
| (ix) ਜਿਲਦਸਾਜ | 1 | - | 1 | - | 1 |
| **ਗਰੁੱਪ-ਡੀ ਅਸਾਮੀਆਂ** | **110** | **270** | **380** | **177** | **203** |
| (i) ਜੀ.ਓ | 1 | - | 1 | 1 | - |
| (ii) ਹੈਡ ਸੇਵਾਦਾਰ | 1 | - | 1 | - | 1 |
| (iii) ਦਫਤਰੀ | 1 | - | 1 | 1 | - |
| (iv) ਸੇਵਾਦਾਰ/ ਜਮਾਂਦਾਰ -ਕਮ-ਚੋਕੀਦਾਰ | 43 | 58 | 101 | 57 | 44 |
| **ਉਪ ਜੋੜ ਗਰੁੱਪ-ਸੀ ਅਸਾਮੀਆਂ (i- ix)** | **46** | **58** | **104** | **59** | **45** |
| **ਕੁੱਲ ਜੋੜ (ਗਰੁੱਪ ਏ+ਬੀ+ਸੀ+ਡੀ)** | **303** | **526** | **829** | **361** (44%) | **468** (56%) |

ਨੋਟ: ਕੁੱਲ ਅਸਾਮੀਆਂ ਵਿਚ ਡੀ.ਐਫ.ਆਰ.ਈ.ਆਈ. ਦੀਆਂ 9 ਅਸਾਮੀਆਂ ਸ਼ਾਮਲ ਨਹੀ ਹਨ ।

# ਸਾਲ 2013-2014 ਦੌਰਾਨ ਕੰਮ ਕਰ ਰਹੇ ਅਫਸਰਾਂ ਦੇ ਨਾਂ ਅਤੇ ਆਹੁੱਦਾ

| ਆਹੁੱਦਾ | ਸਰਵ ਸ੍ਰੀ/ਸ੍ਰੀਮਤੀ |
|---|---|
| ਸਕੱਤਰ, ਯੋਜਨਾਬੰਦੀ | ਜਸਪਾਲ ਸਿੰਘ, ਆਈ.ਏ.ਐਸ. |
| ਆਰਥਿਕ ਸਲਾਹਕਾਰ | ਮੋਹਨ ਲਾਲ ਸ਼ਰਮਾ |
| ਡਾਇਰੈਕਟਰ | 1. ਤੀਰਥ ਸਿੰਘ<br>2.. ਪਰਮਿੰਦਰ ਸਿੰਘ ਵਾਲੀਆ |
| ਮੀਤ ਡਾਇਰੈਕਟਰ | 1.. ਹਰਵਿੰਦਰ ਸਿੰਘ<br>2. . ਜਗਦੀਪ ਸਿੰਘ<br>3. .ਕੁਲਦੀਪ ਕੌਰ |
| ਉਪ ਅਰਥ ਅਤੇ ਅੰਕੜਾ ਸਲਾਹਕਾਰ ਮੁੱਖ ਦਫਤਰ/ਜ਼ਿਲ੍ਹਾ ਪੱਧਰ | 1. ਜਸਪਾਲ ਸਿੰਘ<br>2. ਪਰਮਜੀਤ ਸਿੰਘ<br>3. ਲਖਵਿੰਦਰ ਸਿੰਘ<br>4. ਰਾਣੀ<br>5. ਹਰਜਿੰਦਰ ਕੌਰ<br>6. ਰਾਜਿੰਦਰ ਕੌਰ<br>7. ਇਕਬਾਲ ਸਿੰਘ<br>8. ਦੀਪਿੰਦਰ ਕੌਰ<br>9.. ਪਰਮਿੰਦਰ ਕੌਰ<br>10 ਰਾਕੇਸ਼ ਕਾਲੀਆ<br>11. ਪ੍ਰਿਤਪਾਲ ਸਿੰਘ<br>12. ਅਵਤਾਰ ਸਿੰਘ<br>13. ਸੁਖਮਿੰਦਰ ਸਿੰਘ ( 26-9-2012 ਤੋ)<br>14. ਭੁਪਿੰਦਰ ਕੌਰ<br>15. ਮੋਨਿਕਾ ਬਿੰਦ (ਡੈਪੂਟੇਸ਼ਨ ਤੇ) |